ਜੁਲਾਈ 1988 98
ਮੁੱਲ–ਦੋ ਰੁਪਏ

## ਸੰਪਾਦਕੀ : ਪੰਜਾਬ ਮਸਲੇ ਦਾ ਰਾਜਸੀ ਹੱਲ–ਰਾਜਾਂ ਲਈ ਵੱਧ ਅਧਿਕਾਰ

ਖਾਲਿਸਤਾਨੀ ਦਹਿਸ਼ਤਗਰਦੀ ਕਰਕੇ ਅਤੇ ਭਾਰਤੀ ਸਟੇਟ ਦੀ ਇਹ ਨੀਤੀ ਕਿ ਦਹਿਸ਼ਤਗਰਦੀ ਨੂੰ ਪੂਰੀ ਸਖ਼ਤੀ (ਕਾਲੇ ਤੋਂ ਕਾਲਾ ਕਾਨੂੰਨ ਲਾਗੂ ਕਰਨਾ ਜਿਸ ਵਿਚ ਸ਼ਾਮਲ ਹੈ) ਨਾਲ ਦਬਾਇਆ ਜਾਵੇ ਅਤੇ ਨਾਲ ਹੀ ਇਹ ਨੀਤੀ ਕਿ ਦਹਿਸ਼ਤਗਰਦੀ ਜਿਨ੍ਹਾਂ ਚਿਰ ਮੁੱਕਦੀ ਨਹੀਂ, ਪੰਜਾਬ ਵਿਚ ਸਾਰੀਆ ਰਾਜਨੀਤੀ ਸਰਗਰਮੀਆਂ ਨੂੰ ਠੱਪ ਕੀਤਾ ਜਾਏ, ਪੰਜਾਬ ਦੇ ਲੋਕ ਸੁੱਕਣੇ ਪਾਏ ਹੋਏ ਹਨ । ਸਾਰੇ ਓਪਰੇਸ਼ਨ (ਨੀਲਾ ਤਾਰਾ, ਕਾਲੀ ਗਰਜ ਆਦਿਕ) ਕਰਕੇ ਜੇਕਰ ਮਾਮਲਾ ਹੱਲ ਹੋਣ ਦੀ ਥਾਂ ਉਲਝਿਆ ਹੀ ਹੈ ਅਤੇ ਸਾਧਾਰਨ ਲੋਕਾਂ ਦੇ ਕਤਲ ਵਧੇ ਹਨ ਤਾਂ ਇਹ ਸਾਫ ਹੈ ਕਿ ਇਹ ਨੀਤੀਆਂ ਗ਼ਲਤ ਹਨ। ਕੀ ਪੰਜਾਬ ਦੇ ਲੋਕ ਚੁੱਪ ਦਰਸ਼ਕ ਬਣਕੇ ਇਹ ਸਭ ਕੁਝ ਦੇਖਦੇ ਰਹਿਣ ਜਾਂ ਉਹ ਆਪਣੇ ਵਲੋਂ ਵੀ ਕੋਈ ਸਿਆਸੀ ਪਹਿਲ ਕਦਮੀ ਕਰਨ ? ਇਹ ਸਵਾਲ ਲੋਕਾਂ ਅਗੇ ਹੈ । ਸਿਆਸੀ ਹੱਲ ਲਈ ਪਹਿਲੋਂ ਲੋਕ ਰਾਏ ਕਿਸੇ ਹੱਲ ਦੇ ਦੁਆਲੇ ਲਾਮਬੰਦ ਹੋਣੀ ਚਾਹੀਦੀ ਹੈ । ਮੌਜੂਦਾ ਹਾਲਾਤ ਵਿਚ ਇਹ ਹੱਲ ਸੂਬਿਆਂ ਲਈ ਵੱਧ ਅਧਿਕਾਰਾਂ ਵਿਚੋਂ ਹੀ ਨਿਕਲ ਸਕਦਾ ਹੈ । ਇਸਦੇ ਬਾਰੇ ਸਰਕਾਰੀਆ ਕਮਿਸ਼ਨ ਨੇ ਵੀ ਸਪੱਸ਼ਟ ਸਿਫਾਰਸ਼ਾਂ ਕੀਤੀਆਂ ਹਨ । ਇਹ ਤਾਂ ਸਾਫ ਹੈ ਕਿ ਪੰਜਾਬ ਮਸਲੇ ਦਾ ਕੋਈ ਵੀ ਹੱਲ ਉਹੀ ਸਾਰਥਕ ਹੋ ਸਕਦੇ ਜਿਸ ਵਿਚ ਸਿਖ ਕਮਿਊਨਿਟੀ ਦੀ ਵਾਜਬ ਹੱਦ ਵਿਚ ਤਸੱਲੀ ਹੋਵੇ ਅਤੇ ਨਾਲ ਹੀ ਪੰਜਾਬ ਵਿਚੋਂ ਜੋ ਹੋਰ ਕਮਿਊਨਿਟੀਆਂ ਰਹਿ ਰਹੀਆਂ ਹਨ, ਉਹਨਾਂ ਨੂੰ ਵੀ ਗ਼ੈਰਵਾਜਬ ਇਤਰਾਜ਼ ਨਾ ਹੋਵੇ । ਇਹ ਗੱਲ ਵੀ ਇਸੇ ਲਈ ਕਹੀ ਜਾ ਰਹੀ ਹੈ ਕਿ ਇਹ ਮੰਨੀ ਹੋਈ ਗੱਲ ਹੈ ਕਿ ਪੰਜਾਬ ਹੀ ਇਕ ਐਸੀ ਥਾਂ ਹੈ, ਜਿਹੜੀ ਸਿਖ ਕਮਿਊਨਿਟੀ ਲਈ **ਹੋਮਲੈਂਡ** ਦਾ ਦਰਜਾ ਰਖਦੀ ਹੈ, ਭਾਵੇਂ ਉਹ ਦੁਨੀਆ ਦੀ ਕਿਸੇ ਵੀ ਨੁੱਕਰ ਵਿਚ ਵੱਸਦੇ ਹੋਣ । ਪੰਜਾਬ ਦੇ ਲੋਕਾਂ ਸਾਹਮਣੇ ਤਿੰਨ ਵਿਕਲਪ (Alternates) ਹਨ :–

ਪਹਿਲਾਂ ਇਹ ਕਿ ਹਾਲਾਤ ਜਿਸ ਤਰ੍ਹਾਂ ਹੁਣ ਹਨ, ਉਸੇ ਤਰ੍ਹਾਂ ਹੀ ਰਹਿਣ (Status Quo) ਸਾਫ ਹੈ ਕਿ ਕੇਂਦਰ ਅਤੇ ਪੰਜਾਬ ਦਾ ਇਹ ਰਿਸ਼ਤਾ ਕਿਸੇ ਵੀ ਹਾਲਤ ਵਿਚ ਮਸਲੇ ਦੇ ਹੱਲ ਦੀ ਬੁਨਿਆਦ ਨਹੀਂ ਬਣ ਸਕਦਾ । ਕੇਂਦਰ ਦਾ ਤਾਨਾਸ਼ਾਹੀ ਚਿਹਰਾ ਪੂਰੀ ਤਰ੍ਹਾਂ ਨੰਗਾ ਹੋ ਚੁੱਕਿਆ ਹੈ ।

ਦੂਜਾ ਇਹ ਹੈ ਕਿ ਭਾਰਤ ਤੋਂ ਵੱਖ ਖਾਲਿਸਤਾਨ ਇਕ ਵੱਖਰਾ ਦੇਸ਼ ਬਣਾਇਆ ਜਾਏ। ਇਹ ਹੱਲ ਕਿਸੇ ਵੀ ਲਈ ਲਾਹੇਵੰਦ ਨਹੀਂ ਕਿਉਂਕਿ ਇਹਦਾ ਸਾਰਾ ਸੰਕਲਪ ਹੀ ਧਾਰਮਕ ਮੂਲਵਾਦ ਨਾਲ ਜੁੜਿਆ ਹੋਇਆ ਹੈ । ਇਸ ਸੰਕਲਪ ਵਿਚ ਇਸ ਹਕੀਕਤ ਦੀ ਕੋਈ ਥਾਂ ਨਹੀਂ ਕਿ ਪੰਜਾਬ ਵਿਚ ਆਬਾਦੀ ਦਾ ਇੱਕ ਵੱਡਾ ਹਿੱਸਾ ਗ਼ੈਰ ਸਿੱਖਾਂ ਦਾ ਹੈ ਅਤੇ ਸਿਖਾਂ ਦਾ ਇਕ ਵੱਡਾ ਹਿੱਸਾ ਭਾਰਤ ਵਿਚ ਬਾਹਰਲੇ ਸੂਬਿਆਂ ਵਿਚ ਰਹਿੰਦਾ ਹੈ । ਇਸ ਹੱਲ ਵਿਚ ਉਜਾੜਾ ਹੀ ਉਜਾੜਾ ਹੈ । ਹੋਰ ਕੁਝ ਨਹੀਂ ।

ਤੀਜਾ ਇਹ ਹੈ ਕਿ ਕੇਂਦਰ ਅਤੇ ਸੂਬਿਆਂ ਦੇ ਦਰਮਿਆਨ ਸਾਰੇ ਸੰਬੰਧਾਂ ਨੂੰ ਮੁੱਢੋਂ ਸੁੱਢੋਂ ਸੋਚਿਆ ਜਾਏ । ਤਾਮਿਲਨਾਡੂ ਹੋਵੇ, ਜੰਮੂ ਕਸ਼ਮੀਰ ਹੋਵੇ, ਪੰਜਾਬ ਹੋਵੇ, ਝਾੜ ਖੰਡ ਹੋਵੇ, ਉੱਤਰ ਖੰਡ ਹੋਵੇ ਸਾਰੇ ਲੋਕਾਂ ਦੀ ਤਸੱਲੀ ਹੋਵੇ ਕਿ ਨਿਜ਼ਾਮ ਵਿਚ ਉਹਨਾਂ ਦੀ ਸਤਿਕਾਰਯੋਗ ਥਾਂ ਹੈ । ਇਹ ਤੀਜਾ ਵਿਕਲਪ ਹੀ ਪੰਜਾਬ ਦੇ ਮਸਲੇ ਦਾ ਸਹੀ ਹੱਲ ਹੈ । ਭਾਰਤ ਦੇ ਸਾਰੇ ਦੇਸ਼ ਵਿਚ ਇਸ ਹੱਲ ਦੇ ਦੁਆਲੇ ਹੀ ਜਨਤਕ ਲਾਮਬੰਦੀ ਹੋਣੀ ਚਾਹੀਦੀ ਹੈ । ਬਾਕੀ ਪੰਜ ਮੰਗਾਂ ਜਿਨ੍ਹਾਂ ਵਿਚ ਜੋਧਪੁਰ ਦੇ ਕੈਦੀਆਂ ਦੀ ਰਿਹਾਈ, ਫੌਜੀ ਜਵਾਨਾਂ ਦੀ ਬਹਾਲੀ, ਦਿਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ, ਕਾਲੇ ਕਾਨੂੰਨਾਂ ਦੀ ਵਾਪਸੀ ਅਤੇ ਜੰਮਹੂਰੀ ਹੱਕਾਂ ਦੀ ਬਹਾਲੀ ਅਤੇ ਬਿਜਲੀ, ਪਾਣੀ ਅਤੇ ਇਲਾਕਿਆਂ ਦੀ ਅਸੂਲੀ ਵੰਡ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਮੰਨੀਆਂ ਜਾਣੀਆਂ ਚਾਹੀਦੀਆਂ ਹਨ । ਲੋਕਾਂ ਨੂੰ ਇਹ ਗੱਲ ਜਚਾਈ ਜਾਵੇ ਕਿ ਦਹਿਸ਼ਤਗਰਦੀ ਨੂੰ ਠੱਲ ਪਾਉਣ ਲਈ ਇਹ ਠੋਸ ਕਦਮ ਚੁੱਕਣੇ ਜ਼ਰੂਰੀ ਹਨ । ਐਵੇਂ ਹਵਾ ਵਿਚ ਤਲਵਾਰਾਂ ਮਾਰਨ ਦਾ ਕੋਈ ਫ਼ਾਇਦਾ ਨਹੀਂ ।/ਗੁਰਸ਼ਰਨ ਸਿੰਘ

# ਪੰਜਾਬ ਵਿਚ ਸਰਕਾਰੀ ਜਬਰ ਅਤੇ ਫਿਰਕਾਪ੍ਰਸ਼ਤ ਦਹਿਸ਼ਤਗਰਦੀ ਦਾ ਇੰਗਲੈਂਡ ਵਿਚ ਵਿਰੋਧ

29-5-88 ਨੂੰ ਰੈਡਿੰਗ ਵਿਖੇ ਪੰਜਾਬ ਵਿਚ ਸਰਕਾਰੀ ਜਬਰ-ਜ਼ੁਲਮ ਅਤੇ ਫਿਰਕਾਪ੍ਰਸਤੀ, ਦਹਿਸ਼ਤਗਰਦੀ ਦੇ ਵਿਰੁੱਧ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬ੍ਰਿਟਨ(I. W. A. G. B.) ਦੀ ਰੈਡਿੰਗ ਬਰਾਂਚ ਵਲੋਂ ਇਕੱਠ ਕੀਤਾ ਗਿਆ। ਇਸ ਇਕੱਠ ਵਿਚ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੀਆਂ ਮਜ਼ਦੂਰ ਸਭਾਵਾਂ ਅਤੇ ਹੋਰ ਜਮਹੂਰੀਅਤ ਪਸੰਦ ਲੋਕਾਂ ਨੇ ਭਾਗ ਲਿਆ। ਖਾਲਸਤਾਨੀ ਫਾਸ਼ਿਸਟਾਂ ਵਲੋਂ ਸ਼ਹੀਦ ਕੀਤੇ ਗਏ ਪੰਜਾਬ ਦੇ ਬਹਾਦਰ ਸਪੂਤ ਪਾਸ਼, ਪੱਡਾ, ਹੋਰ ਕਮਿਊਨਿਸਟ ਸਾਥੀ ਤੇ ਹਜ਼ਾਰਾਂ ਬੇਕਸੂਰੇ ਸ਼ਹੀਦ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਪੰਜਾਬ ਤੋਂ ਆਏ ਮੁੱਖ ਬੁਲਾਰੇ ਬਾਬਾ ਭਗਤ ,ਸਿੰਘ ਬਿਲਗਾ ਅਤੇ ਕਾਮਰੇਡ ਚੈਨ ਸਿੰਘ ਚੈਨ ਇਸ ਮੌਕੇ 'ਤੇ ਪੁੱਜੇ ਹੋਏ ਸਨ। ਕਰਨੈਲ ਸਿੰਘ, ਸੁਖਦੇਵ ਸਿੱਧੂ, ਗਿਆਨੀ ਦਰਸ਼ਨ ਸਿੰਘ, ਮੁਸ਼ਤਾਕ ਸਿੰਘ, ਸੰਤੋਖ ਸਿੰਘ ਸੰਤੋਖ, ਪਾਲੀ, ਅਮਰਜੀਤ ਚੰਦਨ, ਮਜ਼ਹਰ ਤਿਰਮਜ਼ੀ, (ਪਾਕਸਤਾਨੀ ਸਾਥੀ) ਜਸਬੀਰ ਬਾਠ, ਤਰਸੇਮ ਮਾਲ, ਸ਼ੇਰ ਜੰਗ ਜਾਂਗਲੀ ਤੇ ਗੁਰਮੁਖ ਬੁਅਲ ਹੋਰਾਂ ਨੇ ਇਨਕਲਾਬੀ ਗੀਤ ਪੇਸ਼ ਕੀਤੇ ਕਵਿਤਾਵਾਂ ਪੜ੍ਹੀਆਂ। ਕਾਮਰੇਡ ਵਿਸ਼ਨੂੰ ਦੱਤ ਸ਼ਰਮਾਂ, ਹਰਅਾਲ ਬਰਾੜ, ਤਰਸੇਮ ਮਾਲ, ਤੇਜਾ ਸਹੋਤਾ, ਬਾਬਾ ਭਗਤ ਸਿੰਘ ਬਿਲਗਾ ਅਤੇ ਕਾਮਰੇਡ ਚੈਨ ਸਿੰਘ ਚੈਨ ਹੋਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਾਥੀ ਅਵਤਾਰ ਜੌਹਲ ਨੈਸ਼ਨਲ ਸਕੱਤਰ (I. W. A. [G.B]) ਵੀ ਸ਼ਾਮਲ ਸਨ। ਸਟੇਜ ਸਕੱਤਰ ਦੀ ਡਿਊਟੀ ਹਰਜੀਤ ਦੌਧਰੀਆ ਨੇ ਨਿਭਾਈ। ਇਹ ਇਕ ਤਰ੍ਹਾਂ ਦਾ ਸਟੱਡੀ-ਸਰਕਲ ਵਰਗਾ ਗੰਭੀਰ ਮਾਹੌਲ ਸੀ। ਤਕਰੀਰਾਂ ਦਾ ਸਮੁੱਚਾ ਪਰਭਾਵ ਏਸ ਤਰ੍ਹਾਂ ਦਾ ਸੀ।

ਹਿੰਦੋਸਤਾਨ ਵਿਚ ਵੱਖ ਵੱਖ ਮਜ਼ਹਬਾਂ, ਜ਼ਾਤੀਆਂ ਅਤੇ ਵਰਗਾਂ ਦੇ ਲੋਕ ਵਸਦੇ ਹਨ। ਏਸੇ ਤਰ੍ਹਾਂ ਪੰਜਾਬ ਵਿਚ ਵੀ। ਸਿੱਖ ਕੋਈ ਵੱਖਰੀ ਕੌਮ ਨਹੀਂ ਹਨ। ਪੰਜਾਬ ਪੰਜਾਬੀਆਂ ਦਾ ਹੈ ਤੇ ਹਿੰਦੋਸਤਾਨ ਸਮੁੱਚੇ ਹਿੰਦੋਸਤਾਨੀਆਂ ਦਾ। ਪੰਜਾਬ ਦੇ ਅਵਾਮ ਖਾਲਿਸਤਾਨੀਆਂ ਮਗਰ ਨਹੀਂ ਹਨ। ਜਦੋਂ ਕਾਮਰੇਡਾਂ ਦੇ ਕਤਲ ਹੁੰਦੇ ਹਨ ਤਾਂ ਸਣੇ ਸਰਕਾਰ, ਅਕਾਲੀ, ਕਾਂਗਰਸੀ, ਭਾਰਤੀਆ ਜਨਤਾ ਪਾਰਟੀ ਅਤੇ ਹੋਰ ਪਿਛਾਖੜ ਜਨੂੰਨੀ ਤਾਕਤਾਂ ਅੰਦਰਖਾਤੇ ਕੱਛਾਂ ਮਾਰਦੀਆਂ ਹਨ। ਇਸ ਲਈ ਹਰ ਤਰ੍ਹਾਂ ਦੇ ਕਾਮਰੇਡਾਂ ਨੂੰ ਹੁਣ ਇਕੱਠੇ ਹੋ ਕੇ, ਲੋਕਾਂ ਨੂੰ ਲਾਮਬੰਦ ਕਰਕੇ ਸਰਕਾਰੀ ਜ਼ੁਲਮ, ਲੁੱਟ ਖਸੁੱਟ ਅਤੇ ਫਿਰਕਾਪ੍ਰਸਤ ਦਹਿਸ਼ਤਗਰਦੀ ਦੇ ਖਿਲਾਫ ਲੰਮੀ ਘੋਲ ਜਾਰੀ ਰੱਖਣਾ ਚਾਹੀਦਾ ਹੈ। ਖਾਲਸਤਾਨੀਆਂ ਨੇ ਦਰਬਾਰ ਸਾਹਿਬ ਦੀ ਪਵਿੱਤਰਤਾ ਆਪ ਭੰਗ ਕੀਤੀ ਅਤੇ ਕਰਵਾਈ ਹੈ। ਉਨ੍ਹਾਂ ਨੇ ਸਿਖ ਧਰਮ ਦੀ ਮਾਣ-ਮਰਿਯਾਦਾ ਅਤੇ ਸੁਨਹਿਰੀ ਸਿਖ ਇਤਿਹਾਸ ਨੂੰ 'ਕਲੰਕ ਲਾਇਆ ਅਤੇ ਗੰਦ ਨਾਲ ਲਬੇੜਿਆ ਹੈ। ਖਾਲਸਤਾਨੀ 'ਸਰਬੱਤ ਦਾ ਭਲਾ' ਦੇ ਉਲਟ ਸਾਬਤ ਹੋਏ ਹਨ। ਇਥੇ ਸਾਡੇ ਬੱਚੇ ਕੁਰਾਹੇ ਪੈ ਰਹੇ ਹਨ। ਸਮਾਜ ਵਿਰੋਧੀ ਕੁਧਿੱਤਾਂ ਕਰਦੇ ਹਨ। ਉਪਰੋਂ ਅਸੀਂ ਨਸਲੀ ਵਿਤਕਰੇ ਦਾ ਸ਼ਕਾਰ ਹੋ ਰਹੇ ਹਾਂ। ਪੰਜਾਬ ਸਮੱਸਿਆ ਨੇ ਸਾਡਾ ਧਿਆਨ ਅਤੇ ਤਾਕਤ ਇਥੋਂ ਦਿਆਂ ਮਸਲਿਆਂ ਤੋਂ ਤਿਲ੍ਹਕਾ ਦਿੱਤਾ ਹੈ। ਪੰਜਾਬ ਦੀ ਖੂਨੀ ਹਾਲਤ ਦੀ ਜ਼ੁੰਮੇਵਾਰੀ ਅੰਦਰੂਨੀ ਗੰਦੀ ਸਿਆਸਤ ਹੈ। ਪਾਕਿਸਤਾਨ ਅਤੇ ਸਾਮਰਾਜੀ ਤਾਕਤਾਂ ਨੇ ਇਸ ਤੋਂ ਫਾਇਦਾ ਉਠਾਇਆ ਹੈ। ਮੁਲਕ ਵਿਚ ਅਸਾਵਾਂ ਵਿਕਾਸ ਹੋ ਰਿਹਾ ਹੈ। ਜਮਹੂਰੀਅਤ ਅਤੇ ਸੈਕੂਲਿਰਿਜ਼ਮ ਤਾਂ ਮਹਿਜ਼ ਨਾਹਰੇਬਾਜ਼ੀ ਹੀ ਹੈ। ਮੁਲਕ ਭਰ ਵਿਚ ਕਮਿਊਨਿਸਟ ਤੇ ਖੱਬੀਆਂ ਜਮਹੂਰੀ ਸ਼ਕਤੀਆਂ ਹੀ ਹਨ ਜੋ ਆਮ ਲੋਕਾਂ ਦੀ ਏਕਤਾ ਲਈ ਵਚਨਬੱਧ ਹਨ ਤੇ ਮੁਲਕ ਦੀ ਹੋਰ ਤਕਸੀਮ ਹੋਣ ਦੇ ਸਖਤ ਵਿਰੋਧੀ ਹਨ। ਭਾਰਤੀ ਮਜ਼ਦੂਰ ਸਭਾਵਾਂ ਅਤੇ ਹੋਰ ਖੱਬੀਆਂ ਤਾਕਤਾਂ ਦਾ ਇਕ ਆਪਣਾ ਧੜੱਲੇਦਾਰ ਅਖ਼ਬਾਰ ਦਾ ਹੋਣਾ ਸਮੇਂ ਦੀ ਮੰਗ ਹੈ, ਤਾਂਕਿ ਲੋਕਾਂ ਨੂੰ ਸਮੇਂ ਸਮੇਂ ਸਹੀ ਗਾਈਡ ਕੀਤਾ ਜਾਵੇ। ਧਰਮ, ਬੋਲੀ, ਜ਼ਾਤ ਪਾਤ ਅਤੇ ਇਲਾਕਾਵਾਦ ਦੀ ਦੁਰਵਰਤੋਂ ਕਾਰਨ ਪੰਜਾਬ ਦੀ ਸੜ ਬਲ ਰਹੀ ਹਾਲਤ ਨੇ ਏਥੇ ਪ੍ਰਦੇਸ ਵਸਦਿਆਂ ਤੇ ਮਿਹਨਤ ਕਰਦਿਆਂ ਸਾਡੇ ਲੋਕਾਂ 'ਤੇ ਮਾਰੂ ਅਸਰ ਕੀਤਾ ਹੈ। ਆਪਸੀ ਗਲਤ-ਫਹਿਮੀਆਂ, ਨਫਰਤ, ਖਿਚੋਤਾਣ, ਵਿਰੋਧੀ ਅਤੇ ਬੇਵਸਾਹੀ ਵਰਗੀਆਂ ਭੈੜੀਆਂ ਗੱਲਾਂ ਵਾਪਰ ਰਹੀਆਂ ਹਨ। ਸਾਡਾ ਅਮਨ ਭੰਗ ਹੋਇਆ ਹੈ। ਕੰਮਾਂ-ਕਾਰਾਂ 'ਤੇ ਸਾਡੀ ਫੁੱਟ ਨੇ ਸਾਨੂੰ ਨੁਕਸਾਨ ਪੁਚਾਇਆ ਹੈ। ਹਾਕਮ ਜਮਾਤ ਨੇ ਤਾਂ ਏਸ ਸਥਿਤੀ ਤੋਂ ਫਾਇਦਾ ਉਠਾਉਣਾ ਹੀ ਹੈ। ਸਾਡੇ ਆਪਸੀ ਮਿਲਣ ਵਰਤਣ 'ਚ ਖਲਲ ਪਿਆ ਹੈ। ਇਹਨਾ ਸਾਰੀਆਂ ਗੱਲਾਂ ਦਾ ਅਸੀਂ ਆਪ ਹੀ ਉਪਾਅ ਕਰਨਾ ਹੈ। ਆਓ ਇਕੱਠੇ ਹੋ ਕੇ ਅੰਧ ਘੋਰ ਦਾ ਵਿਰੋਧ ਕਰੀਏ!

ਹਰਜੀਤ ਦੌਧਰੀਆ

—ਦਫਨ ਕਬਰ ਵਿਚ ਹੋਊ ਹਨੇਰ, ਸੋਨੇ ਰੰਗੀ ਆਊ ਸਵੇਰ।

# ਸਾਥੀ ਜੈਮਲ ਸਿੰਘ ਪੱਡਾ ਦੀ ਪੁਸਤਕ 'ਲੋਕ ਪੀੜਾਂ' ਅਜੋਕੀ ਪ੍ਰਸੰਗਤਾ ਦੀ ਸਹੀ ਪਹਿਚਾਣ

ਡਾ. ਤੇਜਵੰਤ ਮਾਨ

5 ਜੂਨ ਹਡਿਆਇਆ (ਬਰਨਾਲਾ) ਵਿਖੇ ਕ੍ਰਾਂਤੀਕਾਰੀ ਸਾਹਿਤ ਸਭਾ (ਪੰਜਾਬ) ਵਲੋਂ ਪਾਸ਼ ਅਤੇ ਪੱਡਾ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸ ਵਿਚ ਬੜੀ ਵੱਡੀ ਗਿਣਤੀ ਵਿਚ ਸਾਧਾਰਨ ਲੋਕਾਂ ਨੇ ਸ਼ਮੂਲੀਅਤ ਕੀਤੀ। ਪਾਸ਼ ਅਤੇ ਪੱਡਾ ਦੀ ਸਾਹਿਤਕ ਦੇਣ ਬਾਰੇ ਰਘੁਜੀਂਦਰ ਰਾਹੀ ਅਤੇ ਡਾ. ਤੇਜਵੰਤ ਮਾਨ ਵਲੋਂ ਪਰਚੇ ਪੜ੍ਹੇ ਗਏ। ਪਾਸ਼ ਅਤੇ ਪੱਡਾ ਯਾਦਗਾਰੀ ਗੀਤ ਅਤੇ ਕਵੀ ਸੰਮੇਲਣ ਹੋਇਆ ਅਤੇ ਨਾਟਕ ਵੀ ਖੇਡੇ ਗਏ। ਸਮਾਗਮ ਦੇ ਦਰ–ਮਿਆਨ ਇਹ ਗੱਲ ਉਭਰ ਕੇ ਆਈ ਕਿ ਉਹ ਸਾਹਿਤ ਜਿਹੜਾ ਸਮਾਜਕ ਨਿਆਂ ਲੈਣ ਲਈ ਸੰਘਰਸ਼ ਕਰਦੇ ਲੋਕਾਂ ਨਾਲ ਜੁੜਿਆ ਹੋਇਆ ਹੈ, ਉਸ ਦੇ ਮੁਲਅੰਕਣ ਲਈ ਸਾਹਿਤਕ ਆਲੋਚਣਾ ਦੀ ਇਕ ਨਵੀਂ ਪ੍ਰਣਾਲੀ ਦਾ ਵਿਕਾਸ ਹੋਣਾ ਚਾਹੀਦਾ ਹੈ। ਸਾਹਿਤ ਨੂੰ ਪ੍ਰਖਣ ਦੇ ਬੁਰਜੂਆ ਮਾਪ ਦੰਡ ਕ੍ਰਾਂਤੀਕਾਰੀ ਸਾਹਿਤ ਉਤੇ ਲਾਗੂ ਨਹੀਂ ਕੀਤੇ ਜਾ ਸਕਦੇ। ਕ੍ਰਾਂਤੀਕਾਰੀ ਦੇ ਆਪਣੇ ਸਾਹਿਤ ਉਦੇਸ਼ ਹਨ। ਇਸ ਸਾਹਿਤ ਨੇ ਕ੍ਰਾਂਤੀ ਦੀ ਗੱਲ ਲੋਕਾਂ ਤਕ ਪੁਚਾਣੀ ਹੈ। ਸੰਘਰਸ਼ ਕਰਦੇ ਲੋਕਾਂ ਨੂੰ ਪ੍ਰੇਰਨਾ ਦੇਣੀ ਹੈ ਤੇ ਇਸ ਸਾਹਿਤ ਦਾ ਮੁਲਅੰਕਣ ਇਸੇ ਦ੍ਰਿਸ਼ਟੀ ਤੋਂ ਹੋਣਾ ਚਾਹੀਦਾ ਹੈ। ਸਾਥੀ ਜੈਮਲ ਸਿੰਘ ਪੱਡਾ ਦੀ ਕਾਵਿਪੁਸਤਕ 'ਲੋਕ ਪੀੜਾਂ' ਦਾ ਮੁਲਅੰਕਣ ਇਸ ਪੇਪਰ ਵਿਚ ਹੈ ਜੋ ਹਡਿਆਇਆ ਪੜ੍ਹਿਆ ਗਿਆ। /ਗੁਰਸ਼ਰਨ ਸਿੰਘ

1. ਰੋਹੀ ਬੀਆਬਾਨ ਵਿਚ ਇਕ ਦਿਓ ਰਹਿੰਦਾ ਸੀ।

2. ਰੱਬ ਦੀ ਮਿਹਰ ਐਸੀ ਹੋਈ ਕਿ ਦਿਓ ਚਲਾ ਗਿਆ।

'ਦਿਓ ਅਤੇ ਰੱਬ' ਸਾਡੀ ਮਾਨਸਿਕਤਾ ਦੇ, ਦੋਵੇਂ ਹੀ ਪਰੰਪਰਕ ਅਧਿਆਤਮਵਾਦੀ ਦਰਸ਼ਨ ਦੇ ਚਿੰਨ੍ਹ ਹਨ ਜਿਹਨਾਂ ਨੂੰ ਪ੍ਰਚਾਰਨ–ਪ੍ਰਸਾਰਨ, ਸਥਾਪਤ ਕਰਨ ਵਿਚ ਸਾਡੇ ਕਿੱਸਾਕਾਰਾਂ, ਪੁਨਰ-ਸੁਰਜੀਤੀ ਦੇ ਮੁਦਈ, ਕਥਾ–ਕਾਰਾਂ, ਕਵੀਸ਼ਰਾਂ ਨੇ ਆਪਣਾ ਯੋਗਦਾਨ ਸੁਚੇਤ ਰੂਪ ਵਿਚ ਪਾਇਆ ਹੈ। ਇਹ ਸਾਰੇ ਸਭਿਆਚਾਰਕ ਉਸਾਰ ਵਿਚ ਮਨੁੱਖ ਨੂੰ ਨਿਗੂਣਾ, ਬੌਣਾ, ਬੇਬਸ, ਮੂਕ, ਤ੍ਰਾਸਦਿਕ, ਮੌਕਾਪ੍ਰਸਤ ਅਤੇ ਨਿਸਲ ਕਰਨ ਲਈ ਸੁਚੇਤ ਤੌਰ ਤੇ ਯਤਨ ਕੀਤੇ ਗਏ ਹਨ। ਇਹੀ ਕਾਰਨ ਹੈ ਕਿ ਸਾਡੀ ਦਾਦੀ ਵੀ ਮਾਨਸਿਕਤਾ, 'ਦਿਓ ਅਤੇ ਰੱਬ' ਦੇ ਸਮਾਨ ਮੋਟਿਫ਼ ਨੂੰ ਸਮਝ ਨਾ ਸਕੀ ਅਤੇ ਉਹ ਦਿਉ ਦੇ ਜ਼ਾਲਿਮ ਰੂਪ ਦਾ ਬਦਲ 'ਰੱਬ' ਦੀ ਮਿਹਰ ਵਿਚ ਦੇਖਦੀ ਸਮਝਦੀ ਰਹੀ ਹੈ। ਉਸ ਨੂੰ ਨਹੀਂ ਪਤਾ ਲੱਗਣ ਦਿੱਤਾ ਗਿਆ ਕਿ ਦਿਓ ਅਤੇ ਰੱਬ ਦਾ ਅਦਿੱਖ ਅਧਿਆਤਮ–ਵਾਦੀ ਸੰਕਲਪ ਹੀ ਉਸ ਦੀਆਂ ਸਾਰੀਆਂ ਮੁਸੀਬਤਾਂ ਦੀ ਜੜ ਹੈ।

ਸੱਤ ਸਮੁੰਦਰੋਂ ਪਾਰ ਕਿਸੇ ਹਵੇਲੀ ਵਿਚ ਸਤ ਜਿੰਦਿਆਂ ਅੰਦਰ ਕੈਦ ਕਿਸੇ ਸੁੰਦਰੀ ਨੂੰ ਜਦੋਂ ਕੋਈ ਮਨੁੱਖ ਆਪਣੀ ਸ਼ਕਤੀ ਦੇ ਆਸਰੇ ਸਾਰੀਆਂ ਔਕੜਾਂ ਪਾਰ ਕਰਕੇ ਦਿਓ ਤੋਂ ਛੁਡਾਉਣ ਜਾਂਦਾ ਹੈ ਤਾਂ ਸਾਡੀ ਦਾਦੀ ਦੀ ਮਾਨਸਿਕਤਾ 'ਪਹਿਲਾਂ ਉਹ ਹੱਸੀ ਤੇ ਫਿਰ ਰੋਈ' ਦੀ ਬੇਬਸੀ ਨੂੰ ਸਵੀਕਾਰਦੀ ਹੈ। ਉਸ ਲਈ ਹੱਸਣਾ ਤੇ ਰੋਣਾ ਨਿਰਜਿੰਦ 'ਮੋਟਿਫ਼' ਹਨ ਪਰ ਮੇਰੇ ਲਈ ਇਨ੍ਹਾਂ ਦੇ 'ਕਰਮ' ਨੂੰ ਬਦਲ ਕੇ ਦੋਵੇਂ ਜ਼ਿੰਦਾ ਮੋਟਿਫ਼ ਹਨ। ਇਸ ਕਰਮ ਬਦਲ ਨੂੰ ਹੀ ਲੇਖਕ ਦੀ ਸਿਰਜਣਾ ਸ਼ਕਤੀ ਕਿਹਾ ਜਾਂਦਾ ਹੈ। ਨਿਰਜਿੰਦ ਮੋਟਿਫ਼ਾਂ ਨੂੰ ਜ਼ਿੰਦਾ ਕਰਨਾ ਹੀ ਮੌਲਿਕ ਸਿਰਜਣਾ ਹੈ। 'ਹੱਸਣ ਤੋਂ ਬਾਅਦ ਰੋਣਾ ਪ੍ਰਾਪਤ ਯਥਾਰਥ ਦਾ ਗਤੀਹੀਣ ਚਿੰਨ੍ਹ ਹੈ। ਪਰ 'ਰੋਣ ਤੋਂ ਬਾਅਦ ਹੱਸਣਾ' ਇੱਛਕ ਯਥਾਰਥ ਦਾ ਗਤੀਸ਼ੀਲ ਮੋਟਿਫ਼ ਹੈ।' ਯਥਾਰਥ ਅਤੇ ਆਦਰਸ਼ ਦੇ ਇਸ ਤਣਾਉ ਵਿਚ ਜਦੋਂ ਲੇਖਕ ਪ੍ਰਾਪਤ ਯਥਾਰਥ ਨਾਲ ਸਮਝੌਤਾ ਕਰਕੇ ਸ਼ੁੱਧ ਕਲਾਕਾਰ ਦਾ ਭਰਮ ਪਾਲਦੇ ਹਨ ਤਾਂ ਉਹ ਸਥਾਪਤੀ ਦੇ ਹੱਕ ਵਿਚ ਦਾਦੀ ਮਾਂ ਦੀ ਮਾਨਸਿਕਤਾ ਦਾ ਹੀ ਦੁਹਰਾਓ ਕਰਦੇ ਹਨ। ਉਨ੍ਹਾਂ ਦੀ ਇਸ ਪਹੁੰਚ ਵਿਚੋਂ ਹੀ ਬੇਬਸੀ, ਮੌਕਾਪ੍ਰਸਤੀ, ਫਰੇਬ, ਉਦਾਸੀ, ਲਾਲਸਾ, ਖੁਦਗਰਜ਼ੀ, ਮੱਕਾਰੀ, ਨਿਸਲਤਾ ਆਦਿ ਜਨਮ ਲੈਂਦੇ ਹਨ। ਪਰ ਲੇਖਕ ਦਾ ਇਹ ਕਰਤੱਵ ਨਹੀਂ।

ਜਿਸ ਮਕਾਨ ਵਿਚ 'ਗੋਰਕੀ' ਦਾ ਮਾਲਕ ਰਹਿੰਦਾ ਸੀ, ਉਸ ਮਕਾਨ ਦਾ ਮਾਲਕ ਠੇਕੇਦਾਰ ਸੀ, ਉਹ ਬੜਾ ਜ਼ਾਲਮ, ਬੇ-ਰਹਿਮ ਅਤੇ ਗੁਸਤਾਖ਼ ਸੀ। ਇਕ ਦਿਨ ਕਰੜੀ ਮਿਹਨਤ ਕਰਨ ਤੋਂ ਬਾਅਦ ਉਸਦੇ ਕੁਝ ਮਜ਼ਦੂਰ ਅਰਾਮ ਕਰਨ ਲਈ ਠੇਕੇਦਾਰ ਦੇ ਮਕਾਨ ਦੇ ਵਿਚ ਬਿੰਦ ਦੀ ਬਿੰਦ ਲੇਟ ਗਏ। ਠੇਕੇਦਾਰ ਆਕੜ ਕੇ ਕੜਕਵੀਂ

ਆਵਾਜ਼ ਵਿਚ ਬੋਲਿਆ :

"ਤੁਸੀਂ ਫਿਰ ਵਿਹੜੇ ਵਿਚ ਆ ਗਏ ਓ ਹਰਾਮੀਓ, ਸਾਰੀ ਥਾਂ ਤੁਹਾਡੇ ਗੰਦੇ ਸਰੀਰਾਂ ਨਾਲ ਭਰ ਗਈ ਹੈ। ਇਸ ਘਰ ਵਿਚ ਇੱਜ਼ਤਦਾਰ ਲੋਕ ਰਹਿੰਦੇ ਨੇ। ਉਹ ਏਥੇ ਦੇਖਕੇ ਖੁਸ਼ ਹੋਣਗੇ ਕੀ ? ਸੂਰਾਂ ਨੂੰ।"

ਉਪਰੋਕਤ ਪ੍ਰਾਪਤ ਦੀ ਸਥਿਤੀ ਗੋਰਕੀ ਅੱਗੇ ਸੀ ਅਤੇ ਸਾਡੇ ਸਾਰੇ ਲੇਖਕਾਂ ਅਗੇ ਵੀ ਹੈ। ਇਕ ਲੇਖਕ ਦਾ ਧਰਮ ਇਸ ਸਥਿਤੀ ਦੀ ਗਤੀਰੋਧਤਾ ਨੂੰ ਤੋੜਨਾ ਹੈ। ਇਕ ਗਤੀ ਹੀਣ ਸਥਿਤੀ ਵਿਚ ਲੋਕ ਫਸੇ ਹੋਏ ਹਨ। ਇਜ਼ਤਦਾਰ ਲੋਕ ਵੀ 'ਸੂਰ' ਲੋਕ ਵੀ। ਲੇਖਕ ਨੇ ਆਪੋ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਇਹਨਾਂ ਲੋਕਾਂ ਨੂੰ ਇਸ ਸਥਿਤੀ ਤੋਂ ਮੁਕਤ ਕਰਨਾ ਹੈ। ਸਪਸ਼ਟ ਹੈ ਕਿ ਸਾਡੇ ਅਗੇ ਦੋ ਜਮਾਤਾਂ ਵਿਚੋਂ ਇਕ ਨੂੰ ਮੁਕਤ ਕਰਨ ਦੀ ਚੋਣ ਦੀ ਸਥਿਤੀ ਹੈ। ਇਜ਼ਤਦਾਰ ਲੋਕਾਂ ਨੂੰ ਜੋ ਜ਼ਾਲਮ ਹਨ, ਸ਼ੋਸਕ ਹਨ, ਸਰਮਾਏਦਾਰੀ ਨਜ਼ਾਮ ਦੇ ਥੰਮ ਹਨ ਜਾਂ ਸੂਰ ਲੋਕਾਂ ਨੂੰ ਜੋ ਮਜ਼ਲੂਮ ਹਨ, ਮਿਹਨਤੀ ਹਨ, ਸਿਰਜਕ ਹਨ, ਸ਼ੋਸਤ ਹਨ। ਲੋਕਾ ਲਈ ਲਿਖਣ ਦਾ ਦਾਅਵਾ, ਨਾਹਰਾਂ ਬੜਾ ਹਰਮਨ ਪਿਆਰਾ ਹੈ ਅਤੇ ਲੇਖਕ ਲੋਕਾਂ ਲਈ ਲਿਖਣ ਦਾ ਦਾਅਵਾ ਕਰਦਾ ਹੈ, ਪਰ ਵਿਚਾਰਧਾਰਕ ਤੌਰ ਤੇ ਜਮਾਤੀ ਹਿਤਾਂ ਦੀ ਪੂਰਤੀ ਲਈ 'ਸਹੀ ਲੋਕਾਂ' ਦੀ ਪਹਿਚਾਣ ਦਾ ਸਵਾਲ ਬੜਾ ਮਹੱਤਵਪੂਰਨ ਹੈ। 'ਸਹੀ ਲੋਕਾਂ ਦੀ ਪਹਿ-ਚਾਣ ਹੀ ਸਾਹਿਤ ਵਿਚ ਦੋ ਤਰ੍ਹਾਂ ਦੇ ਪ੍ਰਤੀਬੱਧਤ ਚਿੰਤਨ ਪੇਸ਼ ਕਰਦੀ ਹੈ।

ਲੈਨਿਨ ਪ੍ਰੋਲਤਾਰੀ ਸਾਹਿਤ ਬਾਰੇ ਸਪਸ਼ਟ ਰੂਪ ਵਿਚ ਕਹਿੰਦਾ ਹੈ ਕਿ ਉਹ ਬੁਰਜੂਆਜ਼ੀ ਨੂੰ ਉਲਟਾਉਣ ਜਮਾਤਾਂ ਦਾ ਖਾਤਮਾ ਤੇ ਮਨੁੱਖ ਹਥੋਂ ਮਨੁੱਖ ਦੀ ਲੁੱਟ ਖਸੁਟ ਦੇ ਸਭਨਾਂ ਰੂਪਾਂ ਨੂੰ ਖਤਮ ਕਰਨ ਦੀ ਸਫਲ ਪ੍ਰਾਪਤੀ ਵਾਸਤੇ ਪ੍ਰੋਲਤਾਰੀਆਂ ਵਲੋਂ ਕੀਤੇ ਜਾ ਰਹੇ ਜਮਾਤੀ ਘੋਲ ਦੀ ਭਾਵਨਾ ਨਾਲ ਭਰਪੂਰ ਹੁੰਦਾ ਹੈ, ਇਹ ਪ੍ਰੋਲਤਾਰੀਆਂ ਦੇ ਸਾਂਝੇ ਮਨੋਰਥ ਤੋਂ ਆਜ਼ਾਦ ਕੋਈ ਵਿਅਕਤੀਗਤ ਧੰਦਾ ਨਹੀਂ। ਯਕੀਨਨ ਸਾਹਿਤ ਦੇ ਇਸ ਕਰੜੇ ਅਸੂਲ ਵਿਰੁੱਧ ਚੀਕ ਚਿਹਾੜਾ ਪੈਂਦਾ ਰਿਹਾ ਹੈ ਅਤੇ ਪਵੇਗਾ ਵੀ। ਕੁਝ ਲੋਕ ਇਸ ਨੂੰ 'ਪਾਪੂਲਰ ਸਾਹਿਤ' ਕਹਿਕੇ ਛੁਟਾਉਣਗੇ ਅਤੇ ਇਸ ਨੂੰ ਅਖੌਤੀ 'ਉਚਾ ਸਾਹਿਤ' ਮੰਨਣ ਤੋਂ ਇਨਕਾਰੀ ਹੋਣਗੇ। ਕੁਝ ਲੋਕ ਇਸ ਤਰ੍ਹਾਂ ਦੇ ਲਿਖਣ ਵਾਲਿਆਂ ਨੂੰ ਰੋਜਨੀਤਕ ਅਤੇ ਪਰਚਾਰਕ ਕਹਿ ਕੇ ਸਾਹਿਤਕਾਰ ਦੀ ਅਖੌਤੀ ਪ੍ਰੀਭਾਸ਼ਾ ਤੋਂ ਬਾਹਰ ਰੱਖਣ ਦਾ ਯਤਨ ਕਰਨਗੇ। ਏਦਾਂ ਕਰਨਾ ਕਿਉਂਕਿ ਉਨ੍ਹਾਂ ਦੇ ਜਮਾਤੀ ਹਿਤਾਂ ਦੇ ਅਨੁਕੂਲ ਹੈ ਅਤੇ ਉਨ੍ਹਾਂ ਦੀ ਬੁਰਜੂਆ ਸਾਹਿਤਕ ਕੀਮਤ ਨਾਲ ਪ੍ਰਤੀਬੱਧਤਾਂ ਦਾ ਪੱਖਪੂਰਕ ਹੈ। ਪਰ ਕਿਸੇ ਵੀ ਲੋਕ ਕਲਿਆਣਕਾਰੀ ਸਾਹਿਤਕਾਰ ਲਈ ਪ੍ਰਚਾਰਕ ਅਤੇ ਰਾਜਨੀਤਕ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਕੋਈ ਵੀ ਸਾਹਿਤ ਉਨਾਂ ਚਿਰ ਨਵੀਆਂ ਸੰਭਾਵਨਾਵਾਂ ਪੈਦਾ ਨਹੀਂ ਕਰ ਸਕਦਾ ਜਿੰਨਾ ਚਿਰ ਉਹ ਪ੍ਰਚਾਰ ਨਾ ਕਰਦਾ ਹੋਵੇ। ਵਧੀਆਂ ਤੇ ਉਸਾਰੂ ਸਾਹਿਤ ਹਮੇਸ਼ਾਂ ਵਧੀਆਂ ਅਤੇ ਉਸਾਰੂ ਕਿਸਮ ਦਾ ਪ੍ਰਚਾਰ ਕਰਦਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਪਿਛਲੇ ਕੁਝ ਸਾਲਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਨਾਲ ਸੰਬੰਧਤ ਹੋਣ ਦਾ ਐਲਾਨ ਕਰਨ ਵਾਲੇ ਕੁਝ ਲੇਖਕਾਂ ਵਲੋਂ ਉਪਰੋਕਤ ਕਿਸਮ ਦੀ 'ਪ੍ਰਚਾਰ ਤੋਂ ਸੁਤੰਤਰ ਲੇਖਕ' ਦੀ ਭਾਵਨਾ ਦਾ ਨਾਹਰਾ ਲਾਇਆ ਗਿਆ ਹੈ ਜੋ ਨਾ ਕੇਵਲ ਰੱਦਣ-ਯੋਗ ਹੀ ਹੈ, ਸਗੋਂ ਉਨ੍ਹਾਂ ਦਾ ਇਹ ਕਾਰਜ ਮਾਰਕਸ-ਵਾਦ ਵਿਰੋਧੀ ਵੀ ਹੈ। ਮੈਂ ਦਰਸ਼ਨ ਖਟਕੜ ਦੇ ਇਸ ਪੁਸਤਕ ਦੇ ਮੁੱਖ ਬੰਦ ਵਿਚ ਪ੍ਰਗਟਾਏ ਜੈਮਲ ਸਿਘ ਪੱਡਾ ਬਾਰੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ "ਉਸ ਵਿਚ ਪ੍ਰਚਾਰਕ ਅੰਸ਼ ਵਧੇਰੇ ਹੋਣ ਕਾਰਨ ਕਲਾਤ-ਮਿਕ ਨਿਭਾਅ ਦੀ ਘਾਟ ਹੈ। ਉਹ ਆਪਣੀ ਕਵਿਤਾ ਵਿਚ ਕਲਾਤਮਿਕ ਅਰੰਭ ਕਰਕੇ ਵੀ ਇਕ ਪੇਤਲੀ ਪ੍ਰਚਾਰਕ ਸਮਾਪਤੀ ਵਿਚ ਜਾ ਡਿੱਗਦਾ ਹੈ।"

ਮੈਂ ਜੈਮਲ ਸਿੰਘ ਪੱਡਾ ਦੀ ਕਾਵਿ ਰਚਨਾ ਦਾ ਅਧਿਐਨ ਉਪਰੋਕਤ ਸੰਦਰਭ ਵਿਚ ਕੀਤਾ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਡੇ ਅਧਿਐਨ ਦਾ ਕਵੀ ਲੋਕਾਂ ਦਾ ਕਵੀ ਹੈ। ਸਮਕਾਲ ਦੀ ਸਥਿਤੀ ਦੀ ਪਕੜ ਵਿਚੋਂ 'ਮੁਕਤੀ' ਦੇ ਸਹੀ ਲੜਵੈਂਦਾਂ ਦੀ ਪਹਿਚਾਣ ਨੇ ਉਸ ਨੂੰ "ਵਿਦਰੋਹ ਲਈ ਹੋਕਾ ਦਿੰਦਾ ਕਵੀ" ਹੋਣ ਦਾ ਮਾਣ ਦਿੱਤਾ ਹੈ। ਉਸ ਦੀ ਰਚਨਾ "ਪਾਰਟੀ ਸਾਹਿਤ" ਦੀ ਬਲਵਾਨ ਸੁਰ ਹੈ। ਜਿਸ ਦਾ ਮੈਂ ਉਸ ਨਾਲ ਕਈ ਅਹਿਮ ਅਤੇ ਅਮਲੀ ਨੁਕਤਿਆਂ ਉਤੇ ਸਹਿਮਤ ਹੁੰਦਾ ਹੋਇਆ ਵੀ ਸਤਿਕਾਰ ਕਰਦਾ ਹਾਂ।

ਜੈਮਲ ਪੱਡਾ ਮਨੁੱਖ ਦੀ ਵਿਦਰੋਹੀ ਭਾਵਨਾ ਨੂੰ ਫੜਨ ਵਿਚ ਕਾਮਯਾਬ ਹੋਇਆ ਹੈ। ਜਦੋਂ ਕਵੀ ਸਮਕਾਲ ਦੀ ਅਜੋਕੀ ਪ੍ਰਸੰਗਤਾ ਦੇ ਸਵਾਲ ਸਾਹਮਣੇ ਖੜਾ ਹੁੰਦਾ ਹੈ ਤਾਂ ਉਸਦੀ ਦ੍ਰਿਸ਼ਟੀ ਅੱਜ ਦੇ ਭਾਰਤ ਵਿਚ ਕੁਝ ਕੁ ਪੂੰਜੀਪੱਤੀਆਂ ਵਲੋਂ ਹੋ ਰਹੀ ਲੁੱਟ ਉਤੇ ਜਾਂਦੀ ਹੈ। ਅੱਜ ਜਦੋਂ ਬੇਰੁਜ਼ਗਾਰੀ ਮਾਨਸਿਕ ਗੁਲਾਮੀ, ਆਰਥਕ ਲੁੱਟ, ਫਿਰਕੂ ਸੋਚ ਆਦਿ ਦੇ ਪੁੜਾਂ ਹੇਠ ਭਾਰਤ ਦਾ ਹਰ ਸਾਧਾਰਣ ਆਦਮੀ ਪਿਸ ਰਿਹਾ ਹੈ ਤਾਂ ਲੇਖਕ ਦਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਪਿਸ ਰਹੇ ਸਾਧਾਰਣ ਆਦਮੀਆਂ ਦੀ ਗੱਲ ਕਰੇ। ਗੱਲ ਹੀ ਨਾ ਕਰੇ ਸਗੋਂ ਉਸਦੀ 'ਮੁਕਤੀ' ਲਈ ਕੋਈ ਰਾਹ

ਲੱਭੇ ਅਤੇ ਲੋਕ ਵਿਸ਼ਵਾਸ਼ ਤਿਆਰ ਕਰੇ। ਜੈਮਲ ਆਪਣੀਆਂ ਲਿਖਤਾਂ ਵਿਚ ਉਪਰੋਕਤ ਪ੍ਰਸੰਗਕ ਪੇਸ਼ਕਾਰੀ ਬਾਰੇ ਪੂਰੀ ਤਰ੍ਹਾਂ ਚੇਤਨ ਹੈ :

ਕੱਖਾਂ ਦੀਆਂ ਕੁੱਲੀਆਂ ਤੋਂ ਉਚਿਆਂ ਮਹੱਲਾਂ ਤੀਕ,
ਕਿਰਤੀ ਨੇ ਕੀਤੀਆਂ ਉਸਾਰੀਆਂ।
ਕਿਰਤੀ ਦੇ ਸਦਕਾ ਹੀ, ਸੂਈ ਤੋਂ ਰਾਕਟ ਤੀਕ,
ਅੰਬਰਾਂ 'ਚ ਮਾਰਦੇ ਉਡਾਰੀਆਂ।
"ਵੱਡਿਆਂ ਚਲਾਕਾਂ" ਪਰ ਭੁੱਖ ਨੰਗ ਸਾਰੀ,
ਬੰਨ੍ਹ ਦਿਤੀ ਜਿਹਦੇ ਪੱਲੇ ਹੋ। (ਪੰਨਾ 55)
ਸਾਡੇ ਪਿੰਡ ਤੇ ਹੁਸਨ ਜੁਆਨੀ,ਇਕ ਤਾਂ ਲੁੱਟ ਲਈ ਸ਼ਾਹਾਂ।
ਦੂਜਾ ਬੈਂਕ ਦੇ ਕਰਜ਼ੇ ਕੈਦੀ, ਕੀਤੀਆਂ ਸਧਰਾਂ ਚਾਵਾਂ।
(ਪੰਨਾ 46)

ਬੁੱਢੜੀ ਮਾਂ ਦੇ ਨੈਣਾਂ ਦੀ ਲੋਅ,
ਬੁੱਝ ਗਈ ਤੇਰੀਆਂ ਫੀਸਾਂ ਭਰ ਭਰ।
ਬਾਪੂ ਦੀ ਕੰਡ ਕੁੱਬੀ ਹੋ ਗਈ
ਗਠਾਂ ਮੂਹਰੇ ਤਰਲੇ ਕਰ ਕਰ।
ਜਦ ਫਿਰਦਾ ਸੀ, ਰੋਜ਼ੀਓਂ ਆਤੁਰ,
ਸੜਕਾਂ ਤੇ ਦਲਗੀਰ ਵੇ।
ਜਿਥੇ ਚਿਟੇ ਦਿਨ ਨੇ ਲੁੱਟ ਲੈਂਦੇ,
ਨਿੱਤ ਮਿਹਨਤ ਖੂਨ ਪਸੀਨੇ ਦੀ
ਜਦ ਦਰੜ ਕੇ ਹੱਕੀ ਸਧਰਾਂ ਨੂੰ,ਨਿਤ ਜਸ਼ਨ ਮਨਾਏ ਜਾਂਦੇ ਨੇ
ਜਿਥੇ ਨਾਹਰੇ ਹਟਾਉਣ ਗਰੀਬੀ ਨੂੰ,
ਲਾ ਲਾਰੇ ਸਮਾਜਵਾਦ ਜਿਹੇ
ਚੋਣਾਂ ਦੀ ਜੰਗ ਜਿੱਤਣ ਲਈ, ਕੀ ਢਕੌਂਜ ਰਚਾਏ ਜਾਂਦੇ ਨ
(ਪੰਨਾ 19)

ਉਪਰੋਕਤ ਕੁਝ ਅਨੁਭਵ ਹਨ ਜੋ ਸਮੇਂ ਦੇ ਯਥਾਰਥ ਨਾਲ ਓਤ ਪੋਤ ਹਨ। ਜੈਮਲ ਪੱਡਾ ਦੀ ਕਾਵਿ ਚੇਤਨਾ ਅਗੇ ਸੁਆਲ ਉਠਦਾ ਹੈ ਕਿ ਅਜਿਹੀ ਸਥਿਤੀ ਵਿਚੋਂ ਨਿਕਲਣ ਲਈ ਲੋਕ ਉਪਰਾਲਾ ਕਿਉਂ ਨਹੀਂ ਕਰਦੇ? ਕੀ ਉਹ ਵੀ ਆਮ ਲੋਕਾਂ ਵਾਂਗ ਸਥਿਤੀ ਨਾਲ ਸਮਝੌਤਾ ਕਰ ਲਵੇ? ਅਤੇ ਇਸ ਪ੍ਰਸੰਗਤਾ ਨੂੰ ਕੇਵਲ ਬਿਆਨ ਕਰਕੇ ਹੀ ਸਬਰ ਕਰ ਲਵੇ? ਨਹੀਂ: ਕਵੀ ਆਪਣੇ ਅੰਦਰ ਨੂੰ ਝੰਜੋੜਦਾ ਹੈ।

ਉਹ ਕਵੀਆ, ਛੱਡ ਝੂਠੇ ਦਾਹਵੇ, ਬਣ ਜ਼ਿੰਦਗੀ ਦਾ ਹਾਣੀ।
ਲਿਖੀਏ ਪੰਨੀ ਤਵਾਰੀਖ ਦੀ, ਪਿੰਡ ਦੀ ਦਰਦ ਕਹਾਣੀ।

ਸਾਹਿਤ ਜੀਵਨ ਦੀ ਗਤੀਸ਼ੀਲਤਾ ਵਿਚ ਵੱਡਾ ਹਿੱਸਾ ਪਾਉਂਦਾ ਹੈ। ਮਨੁੱਖ ਦੀ ਪ੍ਰਾਪਤ ਯਥਾਰਥ ਨਾਲ ਜਦੋਂ ਵੀ ਟੱਕਰ ਹੁੰਦੀ ਹੈ ਤਾਂ ਉਹ ਆਪ ਆਪਣੇ ਦੁਆਲੇ ਅਨੁਸਾਰ ਨਹੀਂ ਸਗੋਂ ਆਪਣੇ ਦੁਆਲੇ ਨੂੰ ਆਪਣੇ ਅਨੁਸਾਰ ਢਾਲਣ ਦੀ ਸ਼ਕਤੀ ਰੱਖਦਾ ਹੈ।

ਮਨੁੱਖ ਦੀ ਇਸ ਸ਼ਕਤੀ ਵਿਚਲਾ 'ਵਿਸ਼ਵਾਸ਼ ਹੀ ਇਛਤ ਯਥਾਰਥ ਦੇ ਸੰਕਲਪ ਨੂੰ ਅਮਲੀ ਰੂਪ ਦਿੰਦਾ ਹੈ। ਕਵੀ ਇਕ ਚੇਤਨ ਮਨੁੱਖ ਵਜੋਂ ਉਸ ਸਾਰੇ ਜਾਲ ਦਾ ਪਰਦਾ ਫਾਸ਼ ਕਰਦਾ ਹੈ ਜਿਹੜਾ ਸਦੀਆਂ ਤੋਂ ਇਨ੍ਹਾਂ ਲੋਕਾਂ ਨੂੰ ਬੇਵਸੀ ਦੀ ਹਾਲਤ ਵਿਚ ਰੱਖਦਾ ਆ ਰਿਹਾ ਹੈ।

ਆਇਆ ਯੁੱਗ ਚੇਤਨਾ ਦਾ, ਕੱਖ ਕੱਖ ਕੁੱਲੀਆਂ ਦਾ,
ਸਰਘੀ ਦੀ ਲਾਲੀ ਰਹੀ ਧੋ। (ਪੰਨਾ 56)
ਚੇਤਨਾ ਦੇ ਮਾਲਕਾਂ ਨੇ ਕਾਮਿਆਂ ਦੀ ਜ਼ਿੰਦਗੀ ਦਾ,
ਸਰ ਕੀਤਾ ਜਦੋਂ ਤੋਂ ਏ ਸਾਜ਼ ਵੇ।
ਮਿਲਾਂ ਦੀਆਂ ਵਲਗਣਾਂ 'ਚੋਂ ਖੇਤਾਂ ਦਿਆਂ ਰਾਖਿਆਂ ਨੂੰ,
ਆਉਣ ਲੱਗੀ ਏਕੇ ਦੀ ਆਵਾਜ਼ ਵੇ। (ਪੰਨਾ 45)
ਜੰਮ ਪਈ ਏ ਚੇਤਨਾ, ਬੋਲ੍ਹਾਂ ਦਿਆਂ ਰਾਖਿਆਂ ਦੇ,
ਜਿਵੇਂ ਕੋਈ ਹੱਕ ਸਚ੍ਹ ਠੱਗ ਹੋ। (ਪੰਨਾ 39)

ਧਰਮ ਅੰਧ ਵਿਸ਼ਵਾਸ਼ ਤੋਂ ਬਿਨਾਂ ਕੁਝ ਨਹੀਂ ਸਿਖਾਉਂਦਾ। ਇਸ ਤਰ੍ਹਾਂ ਪੁੰਨਾ-ਪਾਪ, ਦੁਖ-ਸੁਖ, ਧਰਮ-ਅਧਰਮ, ਦਿਆ-ਕਰੋਧ, ਨਰਕ-ਸਵਰਗ ਦੇ ਵਿਰੋਧੀ ਜੁੱਟ ਲੋਕਾਂ ਦੀਆਂ ਭਾਵਨਾਵਾਂ ਉਤੇ ਮਾਰੂ ਅਸਰ ਕਰਦੇ ਹਨ। ਲੋਕਾਂ ਵਿਚ ਪੀੜ੍ਹੀਆਂ ਤੋਂ ਚਲੀ ਆ ਰਹੀ ਬੇਵਸੀ ਦੀ ਭਾਵਨਾ, ਹੀਣਤਾ, ਅਤੇ ਭਾਵੀ ਦਾ ਚੱਕਰ ਆਦਿ ਅਸੀਂ ਤਾਂ ਗਰੀਬ ਹੀ ਜੰਮੇ ਹਾਂ, ਰਾਜਾ ਰਾਜ ਕਰਨ ਲਈ ਹੀ ਪੈਦਾ ਹੋਇਆ ਹੈ, ਪਿਛਲੇ ਕਰਮਾਂ ਦਾ ਫਲ, ਆਦਿ ਮਾਰੂ ਰੁਚੀਆਂ ਨੂੰ ਜਨਮ ਦਿੰਦੇ ਹਨ। ਇਸ ਦੇ ਨਾਲ ਹੀ ਅੱਜ ਪੂੰਜੀ ਪਤੀ ਢਾਂਚੇ ਦੀਆਂ ਅਣਗਿਣਤ ਚਾਲਾਂ, ਪਰਪੰਚ, ਕਲਾ ਸਾਹਿਤ ਅਤੇ ਜੀਵਨ ਵਿਚ ਸੁਪਨਮਈ ਭਾਵਨਾ ਦਾ ਨਕਾਰਾਤਮਕ ਦਖਲ ਅਖੌਤੀ ਆਜ਼ਾਦੀ ਦਾ ਪਾਖੰਡ, ਅਖੌਤੀ ਚੋਣਾਂ ਦਾ ਢਕੌਂਸ, ਰਿਸ਼ਵਤ ਆਦਿ ਦੀਆਂ ਬੀਮਾਰੀਆਂ ਮਨੁੱਖ ਦੀ ਬੇਵਸੀ ਵਿਚ ਹੋਰ ਵੀ ਵਾਧਾ ਕਰਦੀਆਂ ਹਨ। ਇਸ ਤੋਂ ਵੀ ਅਗੇ ਰਾਜ ਸ਼ਕਤੀ ਦੀ ਵਰਤੋਂ ਇਸ ਬੇਵਸੀ ਦੀ ਭਾਵਨਾ ਦੇ ਵਿਰੋਧ ਵਿਚ ਉਠੀ ਲੋਕ ਭਾਵਨਾ ਨੂੰ ਕੁਚਲਣ ਲਈ ਕੀਤੀ ਜਾਂਦੀ ਹੈ। ਜੈਮਲ ਪੱਡਾ ਇਸ ਬਾਰੇ ਚੇਤੰਨ ਹੈ।

ਲੈ ਲੈ ਕੇ ਨਾਮ ਤੇਰਾ ਲੋਕਾਂ ਨੂੰ ਲੁੱਟੀ ਜਾਂਦੇ,
ਸੇਵਕ ਨੇ ਤੇਰੇ ਬਣਕੇ, ਪੂਜਾ ਦਾ ਧਨ ਖਾਂਦੇ।
(ਪੰਨਾ 20)

ਕਰਮਾਂ ਦਾ ਫਲ ਕਹਿ ਕੇ ਇਨ੍ਹਾਂ ਮੈਨੂੰ ਭੰਡਿਆ,
ਕਿਸੇ ਗੁਰੂ ਪੀਰ ਮੇਰਾ ਦਰਦ ਨਾ ਵੰਡਿਆ।
(ਪੰਨਾ 21)

ਜੈਮਲ ਪੱਡਾ ਆਪਣੇ ਲੋਕਾਂ ਨੂੰ, ਉਨ੍ਹਾਂ ਦੀ ਬੇਵਸੀ ਦੀ ਹਾਲਤ ਤੋਂ ਸੁਚੇਤ ਕਰਾਉਂਦਾ ਅਤੇ, ਉਨ੍ਹਾਂ ਵਿਚਲੀ ਸ਼ਕਤੀ ਦਾ ਅਹਿਸਾਸ ਕਰਾਉਂਦਾ ਹੋਕਾ ਦਿੰਦਾ ਹੈ ਕਿ

ਇਸ ਤਰ੍ਹਾਂ ਦੀ ਬੇਵਸੀ ਦੇ ਹਾਲਾਤ ਵਿਚ ਬੈਠਿਆਂ ਕੁਝ ਨਹੀਂ ਸੰਵਾਰਨਾ। ਸਮਾਜ ਵਿਚ ਹੋ ਰਹੇ ਜ਼ੁਲਮ ਨੂੰ ਅਨੁਭਵ ਕਰਕੇ ਇਕ ਪ੍ਰਤੀਬੱਧ ਲੇਖਕ ਆਪਣੀਆਂ ਭਾਵਨਾਵਾਂ ਦਾ ਸਾਧਾਰਣੀਕਰਨ ਕਰਦਾ ਹੈ। ਜਨ ਸਮੂਹ ਅਤੇ ਲੇਖਕ ਸਾਧਾਰਣੀਕਰਨ ਹੋਇਆ ਇਹ ਅਨੁਭਵ ਹੀ ਕ੍ਰਾਂਤੀ ਦਾ ਆਧਾਰ ਬਣਦਾ ਹੈ। ਜੈਮਲ ਪੱਡਾ ਲੋਕਾਂ ਦੇ ਸਮੂਹ ਨੂੰ ਜਿਥੇ ਹੋਕਾ ਦਿੰਦਾ ਹੈ ਉਥੇ ਮਨੁੱਖ ਦੀ ਕਦੇ ਨਾ ਹਾਰਨ ਦੀ ਸ਼ਕਤੀ ਦਾ ਵਿਸ਼ਵਾਸੀ ਹੋ ਕੇ ਲੋਕ ਜਿੱਤ ਵਿਚ ਵਿਸ਼ਵਾਸ ਰੱਖਦਾ ਹੈ। ਜਮਾਤੀ ਦੁਸ਼ਮਣ ਨੂੰ ਵੰਗਾਰਕੇ ਕਹਿੰਦਾ ਹੋਇਆ ਲੋਕ ਹੋਕਾ ਦਿੰਦਾ ਹੈ :

ਜ਼ਬਰ ਤਸ਼ੱਦਦ ਕੋਲੋਂ ਡਰਕੇ,
ਗਰਦਨ ਮੇਰੀ ਝੁਕ ਨਹੀਂ ਸਕਦੀ।
ਲੋਕਾਂ ਪੀੜਾਂ, ਸੱਚ ਦੇ ਅਫਸਾਨੇ,
ਕਲਮ ਇਹ ਲਿਖਣੋਂ ਰੁਕ ਨਹੀਂ ਸਕਦੀ।
(ਪੰਨਾ 59)

ਵਕਤ ਨਹੀਂ ਸਾਥੀ ਦੀ ਮੜ੍ਹੀ ਤੇ ਹੰਝੂ ਵਹਾਉਣ ਦਾ,
ਪਰਖ ਕਸਵੱਟੀ ਤੇ ਜੁਝਾਰ ਬਣਕੇ ਨਿਕਲਾਂਗੇ।
(ਪੰਨਾ 16)

ਉਠ ਤੂੰ ਮਜ਼ਦੂਰ ਕਿਸਾਨਾਂ, ਜਾਗ ਕਿਰਤੀ ਇਨਸਾਨਾ,
ਲੋਟੂਆਂ ਨੇ ਲੁਟ ਲਈ ਬਹਾਰ।
ਉਠ ਬਲਵਾਨਾਂ, ਛਾਤੀ ਮਾਰ। (ਪੰਨਾ 26)
ਆਈ ਸੱਚ ਦੀ ਆਵਾਜ਼; ਖੋਹਣਾ ਕਾਮਿਆਂ ਨੇ ਰਾਜ,
ਹਰ ਮਿਹਨਤੀ ਗੀਤ ਇਹ ਗਾਏ। (ਪੰਨਾ 32)
ਉਠ ਜਾਗ ਓਏ ਹੱਕਾਂ ਦਿਆ ਵਾਰਸਾ,
ਦੋਸ਼ ਨਹੀਂ ਕਰਮਾਂ ਦਾ,
ਹੱਕ ਮੰਗਿਆਂ ਕਦੇ ਨਾ ਮਿਲਦੇ,
ਖੋਹਣੇ ਪੈਂਦੇ ਜ਼ੋਰ ਹਿੱਕ ਦੇ।
ਨਾਹਰਾ ਮਾਰ ਕੇ ਏਕਤਾ ਵਾਲਾ,
ਜਥੇਬੰਦ ਹੋਜਾ ਹਾਣੀਆਂ। (ਪੰਨਾ 37)

ਮੈਂ ਉਸ ਦੀਆਂ ਕਾਵਿ ਕਲਾਂ ਦੀਆਂ ਦੋ ਵਿਸ਼ੇਸ਼ ਪ੍ਰਾਪਤੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਪਹਿਲੀ ਉਸਦੀ ਪ੍ਰਾਪਤੀ ਇਹ ਕਿ ਉਹ ਆਪਣੀ ਕਵਿਤਾ ਨੂੰ ਪਿੰਡਾਂ ਅਤੇ ਸ਼ਹਿਰਾਂ ਦੀਆਂ ਗਲੀਆਂ ਬਾਜ਼ਾਰਾਂ ਤੀਕ ਲੈ ਗਿਆ ਹੈ। ਅਲਗਜ਼ਾਂਦਰ ਬਲੌਕ ਅਤੇ ਵਲਾਦੀ ਮੀਰਮਾਇਆਕੋਵਸਕੀ ਵਰਗੇ ਕਵੀਆਂ ਨੇ "ਲੋਕਾਂ ਸਾਹਮਣੇ ਆਪਣੀ ਕਵਿਤਾ ਦਾ ਪਾਠ" ਨੂੰ ਆਪਣੀ ਕਵਿਤਾ ਦੇ ਬੁਨਿਆਦੀ ਅਸੂਲਾਂ ਵਿਚੋਂ ਇਕ ਸਮਝਿਆ। ਜੈਮਲ ਪੱਡਾ ਵੀ ਆਪਣੀ ਕਵਿਤਾ ਦਾ ਅਸੂਲ "ਲੋਕਾਂ ਸਾਹਮਣੇ ਪਾਠ" ਨੂੰ ਜ਼ਰੂਰੀ ਸਮਝਦਾ ਹੈ। ਦੂਸਰਾ ਮਹਾਨ ਲੈਨਿਨ ਦੇ ਦੋ ਨਾਹਰਿਆਂ 'ਗੈਰ ਪੱਖਪਾਤੀ ਸਾਹਿਤ ਮੁਰਦਾਬਾਦ' ਸਾਹਿਤਕ ਪਰਾ ਮਨੁੱਖ ਮੁਰਦਾਬਾਦ' ਨੂੰ ਆਪਣੀ ਕਵਿਤਾ ਦਾ ਆਦਰਸ਼ਕ ਸਿਧਾਂਤ ਬਣਾਉਣਾ ਜੈਮਲ ਪੱਡੇ ਦੀ ਪ੍ਰਾਪਤੀ ਹੈ। ਬੇਸ਼ਕ ਮੈਂ ਦਰਸ਼ਨ ਖਟਕੜ ਦੇ ਇਸ ਵਿਚਾਰ ਨਾਲ ਬਿਲਕੁਲ ਸਹਿਮਤ ਹਾਂ ਕਿ ਜੈਮਲ ਪੱਡਾ ਨੇ ਪਾਠਕਾਂ ਅਤੇ ਸਰੋਤਿਆਂ ਨੂੰ ਛੇਤੀ ਕੀਲ ਲੈਣ ਦੀ ਕਾਹਲ ਵਿਚ ਕੁਝ ਇਤਿਹਾਸਕ ਵਰਤਾਰਿਆਂ ਅਤੇ ਸਖਸ਼ੀਅਤਾਂ ਦਾ ਸਹਾਰਾ ਲਿਆ ਹੈ (ਖਾਸ ਕਰਕੇ ਸਿਖ ਇਤਿਹਾਸ ਅਤੇ ਸ਼ਖਸ਼ੀਅਤਾਂ) ਅਤੇ ਉਨ੍ਹਾਂ ਨੂੰ ਵਰਤਮਾਨ ਸਮਾਜਕ ਸਿਆਸੀ ਸੰਘਰਸ਼ ਨਾਲ ਸੁਮੇਲਣ ਦੀ ਕੋਸ਼ਿਸ਼ ਕੀਤੀ ਹੈ। ਪਰ ਜੈਮਲ ਪੱਡਾ ਇਸ ਕਾਰਜ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਿਆ। ਕਾਰਣ ਮੇਰੀ ਸਮਝ ਅਨੁਸਾਰ ਸਾਡੀ ਪਰੰਪਰਾ ਦੇ ਅਧਿਆਮਵਾਦੀ ਦਰਸ਼ਨ ਦੇ ਉਸਾਰ ਵਿਚੋਂ ਲੱਭਿਆ ਜਾ ਸਕਦਾ ਹੈ। ਭਾਰਤੀ ਇਤਿਹਾਸ ਦੇ ਅਧਿਆਮਵਾਦੀ ਦਰਸ਼ਨ ਅਨੁਸਾਰ ਪੈਦਾ ਹੋਏ ਉਸਾਰ ਦਾ ਹੀ ਦੁਖਾਂਤ ਹੈ ਕਿ ਜਿਨ੍ਹਾਂ ਚਿੰਨ੍ਹ ਸਖਸੀਅਤਾਂ ਨੂੰ ਉਹ ਕਵਿਤਾ ਵਿਚ ਆਦਰਸ਼ਿਉਂਦਾ ਰਿਹਾ ਉਨ੍ਹਾਂ ਦੇ ਪ੍ਰੇਰਕ ਪੈਰੋਕਾਰੀ ਅਧਿਆਤਮਕ ਉਸਾਰ ਦਾ ਹੀ ਜੈਮਲ ਪੱਡਾ ਸ਼ਿਕਾਰ ਹੋ ਗਿਆ। ਸਾਡੇ ਕਵੀਆਂ ਨੂੰ ਸੁਚੇਤ ਰੂਪ ਵਿਚ ਅਜਿਹੇ ਪਰੰਪਰਕ ਅਧਿਆਤਮਕ ਉਸਾਰ ਚਿੰਨ੍ਹਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਭਾਵੇਂ ਲੋਕਾਂ ਨੂੰ ਕੀਲ ਲੈਣ ਲਈ ਇਹ ਕਿੰਨੇ ਵੀ ਸਹਾਈ ਕਿਉਂ ਨਾ ਹੋਣ।

## ਕ੍ਰਾਂਤੀਕਾਰੀ ਲੇਖਕਾਂ ਦੀ ਇਕ ਵਿਸ਼ਾਲ ਬੈਠਕ

ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਇਸ ਉਦੇਸ਼ ਲਈ ਸਥਾਪਤ ਕੀਤੀ ਗਈ ਸੀ ਕਿ ਪੰਜਾਬੀ ਸਾਹਿਤ ਵਿਚ ਕ੍ਰਾਂਤੀ ਨਾਲ ਸਬੰਧਤ ਸਾਹਿਤ ਨੂੰ ਉਤਸਾਹਤ ਕੀਤਾ ਜਾਏ। ਸੀਮਤ ਸਾਧਨਾਂ ਕਰਕੇ ਅਤੇ ਮੁੱਢਲੇ ਦੌਰ ਵਿਚ ਕੁਝ ਗਲਤ ਰੁਝਾਣਾਂ ਕਰਕੇ ਇਹ ਸਭਾ ਆਪਣੀਆਂ ਸਰਗਰਮੀਆਂ ਬਠਿੰਡਾ ਅਤੇ ਸੰਗਰੂਰ ਜ਼ਿਲਿਆਂ ਵਿਚ ਹੀ ਕਰ ਸਕੀ ਸੀ। ਸਭਾ ਵਲੋਂ ਸਾਥੀ ਪੱਡਾ ਅਤੇ ਪਾਸ਼ ਦੀ ਯਾਦ ਵਿਚ ਕੀਤੇ ਗਏ ਸਮਾਗਮਾਂ (ਤਲਵੰਡੀ ਸਾਬੂ 22 ਮਈ ਹਡਿਆਇਆ 5 ਜੂਨ, ਤੇ ਹੁਣ 4 ਜੁਲਾਈ ਭੀਖੀ) ਵਿਚ ਕੀਤੀ ਗਈ ਵਿਚਾਰ ਚਰਚਾ ਵਿਚ ਇਹ ਗੱਲ ਉਭਰ ਕੇ ਆਈ ਹੈ ਕਿ ਪੰਜਾਬ ਭਰ ਵਿਚ, ਕ੍ਰਾਂਤੀ ਨਾਲ ਪ੍ਰਤੀਬੱਧਤ ਲੇਖਕਾਂ ਨੂੰ ਸਭਾ ਨਾਲ ਜੋੜਨ ਦੇ ਹੋਰ ਸਮਾਗਮ ਯਤਨ ਹੋਣੇ ਚਾਹੀਦੇ ਹਨ। ਇਸ ਉਦੇਸ਼ ਨੂੰ ਮੁੱਖ ਰੱਖ ਕੇ ਕ੍ਰਾਂਤੀ ਨਾਲ ਪ੍ਰਤੀਬੱਧਤ ਲੇਖਕਾਂ ਦੀ ਇਕ ਵਿਸ਼ਾਲ ਸਭਾ **ਸਨੀਚਰਵਾਰ 9 ਜੁਲਾਈ ਸ਼ਾਮ 5 ਵਜੇ** ਪੰਜਾਬੀ ਭਵਨ ਲੁਧਿਆਨਾ ਵਿਚ ਹੋ ਰਹੀ ਹੈ। ਸਬੰਧਤ ਲੇਖਕਾਂ ਨੂੰ ਸੱਦਾ ਹੈ। **ਬਾਰੂ ਸਤਵਰਗ ਪ੍ਰਧਾਨ, ਰਾਜਿੰਦਰ ਰਾਹੀ, ਸਕੱਤਰ**—ਨੋਟ :9 ਜੁਲਾਈ ਦੀ ਰਾਤ ਪੰਜਾਬ ਭਵਨ ਵਿਚ ਸਾਰੀ ਰਾਤ ਦਾ ਸਾਥੀ ਪੱਡਾ ਅਤੇ ਪਾਸ਼ ਦਾ ਸ਼ਰਧਾਂਜਲੀ ਸਭਿਆਚਾਰਕ ਪ੍ਰੋਗ੍ਰਾਮ ਵੀ ਹੋ ਰਿਹਾ ਹੈ।

# ਦਲਿਤ ਸਾਹਿਤ–ਇਕ ਦ੍ਰਿਸ਼ਟੀਕੋਣ

ਐਸ. ਐਲ. ਵਿਰਦੀ ਐਡਵੋਕੇਟ ਫਗਵਾੜਾ

ਦਲਿਤ ਸਾਹਿਤ ਦਲਿਤ ਵਰਗ ਦੇ ਹੱਡ-ਖੂਨ-ਮਾਸ 'ਚ ਰੰਗਤ ਹੈ। ਇਹ ਦਲਿਤਾਂ ਦਾ, ਦਲਿਤਾਂ ਦੁਆਰਾ, ਦਲਿਤਾਂ ਦੀ ਭਾਸ਼ਾ 'ਚ ਲਿਖਿਆ ਗਿਆ ਸਾਹਿਤ ਹੈ। ਦਲਿਤ ਸਾਹਿਤ ਸਿੱਧਾ ਮਾਨਵ ਦੇ ਮਨ ਨਾਲ ਟਕ-ਰਾਉਂਦਾ ਹੈ। ਮਾਨਵ ਇਸਦਾ ਕੇਂਦਰ ਬਿੰਦੂ ਬਣ ਜਾਂਦਾ ਹੈ। ਇਹ ਉਹ ਇਨਸਾਨ ਨਹੀਂ ਜੋ ਅਰਾਮਦੇਹ ਚਾਰ-ਦਿਵਾਰੀ ਦੇ ਅੰਦਰ ਬੰਦ ਕਿਸੀ ਨਾ ਕਿਸੀ ਧਾਰਮਿਕ ਭਾਵਨਾ ਨਾਲ ਪੇਰਤ ਜੋ ਮੱਧ ਵਰਗੀ ਹੁੰਦਾ ਹੈ। ਇਹ ਉਹ ਇਨਸਾਨ ਹੈ ਜੋ ਅੱਜ ਤੱਕ ਪੈਰਾਂ ਥੱਲੇ ਕੁਚਲਿਆ ਜਾਂਦਾ ਰਿਹਾ ਹੈ। ਸਮਾਜਿਕ, ਰਾਜਨੀਤਕ, ਸਭਿਆ-ਚਾਰਕ ਦੇ ਹਰ ਖੇਤਰ ਵਿਚ ਦੁਰਕਾਰਿਆ ਜਾਂਦਾ ਹੈ। ਗੈਰ ਇਨਸਾਨੀਅਤ, ਆਰਥਿਕ ਅਤਿਆਚਾਰਾਂ ਦਾ ਸ਼ਿਕਾਰ ਤਾਂ ਇਹ ਹੈ ਹੀ ਤੇ ਹਿੰਦੂ-ਧਰਮ ਦੀ ਵਰਣ-ਵਿਵਸਥਾ 'ਚ ਦੱਬ ਕੇ ਰਹਿ ਗਿਆ।

ਦਲਿਤ ਸਾਹਿਤ ਦੇ ਵਿਸ਼ੇਸ਼ ਤੇ ਸਰੇਸ਼ਟ ਸਾਹਿਤ-ਕਾਰ ਡਾਕਟਰ ਐਮ. ਐਨ. ਬਾਨਖੇੜੇ ਕਹਿੰਦੇ ਹਨ, ਨੀਗਰੋ ਸਮਾਜ ਦੇ ਲੇਖਕਾਂ ਦੀ ਤਰ੍ਹਾਂ ਦਲਿਤ ਲੇਖਕ ਵੀ ਭਲੀ ਭਾਂਤ ਸਮਝ ਚੁੱਕਾ ਹੈ ਕਿ ਦਯਾ ਦੀ ਭੀਖ ਮੰਗ ਕੇ ਜ਼ਿੰਦਾ ਨਹੀਂ ਰਿਹਾ ਜਾ ਸਕਦਾ, ਤੇ ਬਗੈਰ ਵਿਦਰੋਹ ਕੀਤੇ ਇਹ ਦਾਇਰਾ ਨਹੀਂ ਟੁੱਟੇਗਾ। ਇਸ ਲਈ ਹੁਣ ਦਲਿਤ ਲੇਖਕ ਨੇ ਆਪਣੀ ਅਜ਼ਾਦ ਕਲਮ ਉਠਾਈ ਹੈ। ਉਹ ਆਪਣੇ ਰੋਹ ਨੂੰ ਭਾਵੁਕਤਾ ਰੂਪ ਦੇਣ ਲੱਗਾ ਹੈ ਕਿ ਕੋੜੇ ਲਗਾਏ ਬਗੈਰ, ਵਿਦਰੋਹ ਦਾ ਝੰਡਾ ਉਠਾਏ ਬਗੈਰ ਇਹ ਬੰਧਨ ਨਹੀਂ ਟੁੱਟਣ ਵਾਲੇ। ਇਸ ਬੰਧਨ ਨੂੰ ਤੋੜਨ ਦਾ ਮਤਲਬ ਇਹ ਵੀ ਠੀਕ ਨਹੀਂ ਕਿ ਉਨ੍ਹਾਂ ਸਮਾਜ ਤੋਂ ਅਲੱਗ ਹੋ ਜਾਣਾ ਹੈ। ਉਨ੍ਹਾਂ ਤਾਂ ਸਮਾਜ 'ਚ ਰਹਿੰਦੇ ਹੋਏ ਵਿਦਰੋਹ ਕਰਨਾ ਹੈ। ਫਰਕ ਸਿਰਫ ਏਨਾ ਹੈ ਕਿ ਦਇਆ ਮੰਗਣ ਦੀ ਜਗ੍ਹਾ ਉਹ ਹੁਣ ਅੱਗ ਉਗਲਣ ਲੱਗਾ ਹੈ।

ਮਹਾੜ 'ਚ ਦੂਜੇ ਦਲਿਤ ਸਾਹਿਤਕ ਸੰਮੇਲਨ ਦੀ ਪ੍ਰਧਾਨਗੀ ਕਰਦੇ ਬਾਬੂ ਰਾਵ ਬਾਗਲ ਕਹਿੰਦੇ ਹਨ। 'ਦਲਿਤ ਸਾਹਿਤ' ਉਨ੍ਹਾਂ ਦਾ ਸਾਹਿਤ ਨਹੀਂ ਹੈ, ਜੋ ਬਦਲਾ ਲੈਣ ਉਤਾਰੂ ਹਨ, ਨਾ ਹੀ ਦੁਈ ਦਵੇਜ ਦਾ ਪ੍ਰਚਾਰ ਕਰਦਾ ਹੈ। **ਬਲਕਿ ਇਹ ਮਾਨਵ ਦੀ ਮਹਾਨਤਾ ਤੇ ਮੁਕਤੀ ਦੀ ਘੋਸ਼ਣਾ ਕਰਦਾ ਹੈ।** ਇਹ ਇਕ ਇਤਿਹਾਸਿਕ ਲੋੜ ਹੈ।

ਦਲਿਤ ਸਾਹਿਤ ਵਿਚ ਭਾਸ਼ਾਵਾਦ, ਪ੍ਰਾਂਤਵਾਦ ਤੇ ਰਾਸ਼ਟਰ ਧਰੋਹ ਨਹੀਂ ਹੈ। ਦਲਿਤ ਸਾਹਿਤ ਤਾਂ ਮਾਨਵ ਨੂੰ ਹੀ ਸਰਵੋਤਮ ਮੰਨਦਾ ਹੈ। ਮਾਨਵ ਦੀ ਮਹਾਨਤਾ ਲਈ ਜੋ ਕੁਝ ਵੀ ਚੰਗਾ ਹੋ ਰਿਹਾ ਹੈ, ਉਹ ਸਭ ਕੁਝ ਦਲਿਤ ਸਾਹਿਤ ਦਾ ਹੀ ਹੈ। ਮਾਨਵ ਲਈ ਸੰਘਰਸ਼ ਕਰਨੇ ਵਾਲੇ ਲੇਖਕ, ਬੇਸ਼ਕ ਵਿਦੇਸ਼ੀ ਵੀ ਹੋਵੇ ਤਾਂ ਵੀ ਉਹ ਆਪਣਾ ਹੈ। ਜਾਤੀਵਾਦ ਫੈਲਾਉਣ ਵਾਲਾ ਬੇਸ਼ਕ ਭਾਰਤੀ ਵੀ ਹੋਵੇ, ਤਾਂ ਵੀ ਉਹ ਸਾਡਾ ਕੁਝ ਨਹੀਂ ਲੱਗਦਾ, ਕਾਰਣ ਸਾਡਾ ਲਿਖਣ ਦਾ ਉਦੇਸ਼ ਹੀ ਮਾਨਵ ਮੁਕਤੀ ਤੇ ਮਹਾਨਤਾ ਹੈ।

ਸੰਪੂਰਣ ਵਿਸ਼ਵ ਦਾ ਨਾਮਕਰਣ ਮਾਨਵ ਨੇ ਹੀ ਕੀਤਾ ਹੈ। ਵਰਣ, ਜਾਤ, ਵੇਦ, ਧਰਮ, ਵਰਗ ਸਭ ਕਲਪਨਾਵਾਂ ਹਨ ਜਿਸਨੂੰ ਖਤਮ ਕੀਤਾ ਜਾ ਸਕਦਾ ਹੈ ਪ੍ਰੰਤੂ ਮਾਨਵ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਲਈ ਸਭ ਕਲਾ ਸਾਹਿਤ ਨਾਇਕ ਮਨੁੱਖ ਹੈ। ਮਨੁੱਖ ਕਦੇ ਦਲਿਤ ਨਹੀਂ ਹੁੰਦਾ।

ਦਲਿਤ ਲੇਖਕ ਵਿਦਰੋਹ ਦੀ ਆਵਾਜ਼ ਉਠਾਉਂਦੇ ਹਨ। ਇਹ ਵਿਦਰੋਹ ਆਖਿਰ ਹੈ ਕਿਸ ਦੇ ਖਿਲਾਫ? ਵਿਦਰੋਹ ਦਾ ਅਰਥ ਧਰੋਹ ਨਹੀਂ ਹੁੰਦਾ। ਵਿਦਰੋਹ ਦਾ ਅਰਥ ਹੁੰਦਾ ਹੈ—ਕ੍ਰਾਂਤੀ। ਦਲਿਤ ਲੇਖਕਾਂ ਦਾ ਵਿਦਰੋਹ ਪ੍ਰਸਥਾਪਿਤ ਸਾਹਿਤ ਤੇ ਨੈਤਿਕ ਮੁੱਲਾਂ ਦੇ ਵਿਰੁੱਧ ਹੈ। ਕਲਾ ਦੇ ਲਈ ਕਲਾ ਦੇ ਵਿਰੁੱਧ, ਸਨਾਤਨ ਰੂੜੀਆਂ ਦੇ ਵਿਰੁੱਧ, ਪ੍ਰੰਪਰਾਵਾਂ ਤੇ ਜ਼ਾਤੀਵਾਦ ਦੇ ਵਿਰੁੱਧ ਹੈ।

ਸੰਸਾਰ ਵਿਚ ਜਿੰਨੇ ਵੀ ਕ੍ਰਾਂਤੀਕਾਰੀ ਹੋਏ ਹਨ, ਉਹ ਸਭ ਦਲਿਤ ਲੇਖਕਾਂ ਦੇ ਆਦਰਸ਼ ਹਨ। ਉਹ ਚਾਹੇ ਸਾਹਿਤ ਦੇ ਖੇਤਰ ਵਿਚ ਹੋਏ ਹੋਣ ਜਾਂ ਕਿਸੇ ਹੋਰ ਖੇਤਰ 'ਚ, ਚਾਰ ਵਾਕ ਤੋਂ ਲੈ ਕੇ ਮਹਾਤਮਾਂ ਫੂਲੇ ਤੇ ਡਾਕਟਰ ਬਾਬਾ ਸਾਹਿਬ ਅੰਬੇਡਕਰ ਤੱਕ ਉਨ੍ਹਾਂ ਦੇ ਆਦਰਸ਼ ਹਨ ਕਿਉਂਕਿ ਨੀਗਰੋ ਲੇਖਕਾਂ ਨੇ ਵੀ ਮਾਨਵਤਾ, ਮਾਨਵੀ ਅਧਿਕਾਰ ਤੇ ਸਮਾਨਤਾ ਦੇ ਪ੍ਰਸ਼ਨ ਬੜੇ ਸਬੂਤ ਨਾਲ ਉਠਾਏ ਹਨ।

ਦਲਿਤ ਸਾਹਿਤ ਨੇ ਆਪਣਾ ਸਰਵੋਤਮ ਸ਼ੀਸ਼ਾ ਤਿਆਰ ਕਰਕੇ ਆਪਣਾ ਪ੍ਰਤੀਬਿੰਬ ਦੇਖਣ ਦਾ ਯਤਨ ਕੀਤਾ ਹੈ। ਆਪਣਾ ਦੁੱਖ ਤੇ ਮੁਸੀਬਤਾਂ ਅਸਹਾਇਤਾ, ਆਸ਼ਾ, ਅਸ਼ੰਕਾ, ਪਰਵਰ ਇੱਛਾ, ਸ਼ਕਤੀ ਜੈਸੀ ਵਿਰਤੀਆਂ ਪ੍ਰਵਰਤੀਆਂ ਦੇ ਦਰਸ਼ਣ ਅੱਜ ਦਲਿਤ ਸਾਹਿਤ ਚੋਂ ਹੋ ਰਹੇ ਹਨ। ਬੰਧਨ ਮੁਕਤ ਹੋਣ ਲਈ ਤੱਤਪਰ, ਸੱਚੀ ਹਮਦਰਦੀ, ਇਸ ਦੁਆਰਾ ਪ੍ਰਗਟ ਹੋ ਰਹੀ ਹੈ। ਮਾਨਵ ਦੀ ਮੁਕਤੀ ਦਾ ਰਸਤਾ ਖੋਜਦੇ ਹੋਏ ਦਲਿਤ ਸਾਹਿਤ ਆਪਣੀ ਦੱਬੀ ਹੋਈ ਅਵਾਜ਼ ਨੂੰ ਸ਼ਬਦ ਦੇ ਰੂਪ ਦੇ ਰਿਹਾ ਹੈ।

ਅੰਤ :—ਦਲਿਤ ਸਾਹਿਤ ਨੇ ਉਨ੍ਹਾਂ ਬਾਈਕਾਟ ਕੀਤੇ ਲੋਕਾਂ ਨੂੰ ਆਪਣਾ ਨਾਇਕ ਬਣਾਇਆ ਹੈ ਜਿੰਨ੍ਹਾਂ ਨੂੰ ਵਰਣ ਵਿਵਸਥਾ ਨੇ ਅਸ਼ੁਭ ਤੇ ਅਪਵਿੱਤਰ ਮੰਨਿਆ ਹੈ। ਪੁਰਾਣੇ ਜਨਮ ਦਾ ਅਪਰਾਧੀ ਕਹਿਕੇ ਜਿੰਨ੍ਹਾਂ ਦੀ ਨਿੰਦਾ ਕੀਤੀ ਗਈ ਹੈ। ਸਭ ਇਤਿਹਾਸਕਾਰਾਂ ਨੇ ਜਿੰਨ੍ਹਾਂ ਦੇ ਖਿਲਾਫ ਦੁਸ਼ਮਣੀ ਵਰਤੀ ਅਤੇ ਕਦੇ ਵੀ ਉਨ੍ਹਾਂ ਨੂੰ ਨਾਇਕ ਤੇ ਉਪਨਾਇਕ ਨਹੀਂ ਬਣਾਇਆ। ਦਲਿਤ ਸਾਹਿਤ ਨੇ ਇਨ੍ਹਾਂ ਦੁਰਕਾਰੇ ਹੋਏ ਲੋਕਾਂ ਨੂੰ ਆਪਣੀ ਵਿਚਾਰ ਰਚਨਾ ਦਾ ਕੇਂਦਰ ਬਿੰਦੂ ਬਣਾਇਆ ਹੈ ਕਿਉਂਕਿ ਸਮਾਇਕ ਪ੍ਰੀਵਰਤਨ ਇਸਦਾ ਸੁਭਾਅ ਹੈ। ਦਲਿਤ ਸਾਹਿਤ ਨੇ ਦਲਿਤਾਂ ਨੂੰ ਆਪਣੇ ਸਾਹਿਤ 'ਚ ਨਾਇਕਤਵ ਦੇ ਕੇ ਬਹੁਤ ਕੁਝ ਪ੍ਰਾਪਤ ਕੀਤਾ ਹੈ।

ਜਦ ਦਲਿਤ ਸਾਹਿਤ ਨੇ ਸਭ ਕੁਝ ਨਿੰਦਿਆ ਹੈ ਤਾਂ ਫਿਰ ਸਵੀਕਾਰ ਕੀ ਕੀਤਾ ਹੈ ? ਕਿ ਸਿਰਫ ਮਨੁੱਖੀ ਗਿਆਨ, ਵਿਗਿਆਨ ਤੇ ਵਰਤਮਾਨ ਸਮੇਂ ਨੂੰ ਹੀ ਸਵੀਕਾਰਿਆ ਹੈ ? ਅੱਜ ਦਾ ਯੁੱਗ ਬੜਾ ਹੀ ਵਿਸ਼ਾਲ ਤੇ ਅਜੀਬ ਕਿਸਮ ਦਾ ਹੈ। ਇਸ ਯੁੱਗ ਨੇ ਅਨੇਕਾਂ ਹੀ ਪ੍ਰਥਾਵਾਂ, ਧਾਰਨਾਵਾਂ, ਪ੍ਰੰਪਰਾਵਾ ਆਦਿ ਪ੍ਰਤੀ ਧੂੜ ਉਡਾਈ ਹੈ। ਇਹ ਇਸ ਯੁੱਗ ਦਾ ਬਦਲ ਹੈ। ਇਹ ਬਦਲ ਤੇ ਨਵ ਨਿਰਮਾਣ ਦਲਿਤ ਸਾਹਿਤ ਨੇ ਹੀ ਸਵੀਕਾਰਿਆ ਹੈ ਜੋ ਕਿ ਸਮਾਂਤਰ ਸਾਹਿਤ ਵੀ ਸਵੀਕਾਰ ਕਰਦਾ ਹੈ। ਇਸ ਸਵੀਕਾਰ ਨਾਲ ਦਲਿਤ ਸਾਹਿਤ ਖੁੱਦ ਹੀ ਯੁੱਗ ਸਮਾਂਤਰ ਬਣ ਗਿਆ ਹੈ। ਇਹ ਸਾਡੇ ਕ੍ਰਾਂਤੀਕਾਰੀ ਯੁੱਗ ਦੀਆਂ ਵਿਸ਼ਸ਼ਤਾਵਾਂ ਦਾ ਪ੍ਰਤੀਬੰਧ ਬਣ ਗਿਆ ਹੈ। ਇਹ ਵਿਸ਼ੇਸ਼ਤਾ ਹੈ :—ਮਾਨਵ ਦੀ ਲੁੱਟ, ਪੀੜਾ ਤੇ ਦੁੱਖ ਤੋਂ ਮੁਕਤੀ! ਸਹਾਇਕ ਸਮਾਨਤਾ ਤ ਵਿਸ਼ਵ ਭਾਈਚਾਰਾ।

o

---

ਪਾਠਕ ਲੇਖਕ ਫੋਰਮ

## ਇਕ ਪੂਰਕ ਟਿੱਪਣੀ—ਫਾਸ਼ੀਵਾਦ ਬਾਰੇ ਕੁਝ ਹੋਰ

**ਅਜਮੇਰ ਸਿੰਘ**

'ਸਮਤਾ' ਦੇ ਮਾਰਚ ਅੰਕ ਵਿਚ ਫਾਸ਼ੀਵਾਦ ਦੇ ਮਸਲੇ ਬਾਰੇ ਛਪੀ ਮੁੱਖ ਲਿਖਤ ਸਬੰਧੀ ਕੁਝ ਦੋਸਤਾਂ ਨਾਲ ਹੋਏ ਜ਼ਬਾਨੀ ਵਿਚਾਰ-ਵਟਾਂਦਰੇ 'ਚੋਂ ਇਕ ਪੱਖ ਬਾਰੇ ਹੋਰ ਵਧ ਸਪਸ਼ਟੀਕਰਨ ਦੀ ਲੋੜ ਮਹਿਸੂਸ ਹੋਈ ਹੈ। ਮੁੱਖ ਲਿਖਤ ਅੰਦਰ ਕਿਉਂਕਿ ਫਾਸ਼ੀਵਾਦ ਦੇ ਵਰਤਾਰੇ ਨੂੰ ਸਟੇਟ ਦੇ ਸੰਦਰਭ 'ਚ ਰੱਖ ਕੇ ਦੇਖਣ-ਅੰਗਣ ਦੀ ਪਹੁੰਚ ਉਤੇ ਜ਼ੋਰ ਦਿਤਾ ਗਿਆ ਹੈ, ਇਸ ਕਰਕੇ, ਕੁਝ ਦੋਸਤਾਂ ਨੇ ਇਸ ਪਹੁੰਚ ਦੀਆਂ ਸੀਮਤਾਈਆਂ ਤੇ ਕਮਜ਼ੋਰੀਆਂ ਵੱਲ ਇਸ਼ਾਰਾ ਕਰਦੇ ਹੋਏ ਇਹ ਕਿੰਤੂ-ਨੁਮਾ ਸੁਆਲ ਉਠਾਇਆ ਹੈ ਕਿ ਕੀ ਸਟੇਟ-ਵਿਰੋਧੀ ਹਰ ਲਹਿਰ ਦਾ ਬਾਹਰਮੁਖੀ ਰੋਲ ਲਾਜ਼ਮੀ ਤੌਰ 'ਤੇ ਹਾਂ-ਪੱਖੀ ਹੁੰਦਾ ਹੈ? ਅਤੇ ਕੀ ਕੋਈ ਲਹਿਰ, ਸਟੇਟ ਵਿਰੋਧੀ ਹੁੰਦੇ ਹੋਏ ਵੀ, ਆਪਣੇ ਖਾਸੇ ਤੇ ਰੋਲ ਪੱਖੋਂ ਫਾਸ਼ਿਸਟ ਨਹੀਂ ਹੋ ਸਕਦੀ ?

ਮਾਰਕਸਵਾਦ ਗੁੰਝਲਦਾਰ ਸਮਾਜਕ ਤੇ ਰਾਜਸੀ ਸੁਆਲਾਂ ਦੇ ਘੜੇ-ਘੜਾਏ, ਸਰਲ ਜੁਆਬਾਂ ਦੀ 'ਕੁੰਜੀ' ਨਹੀਂ ਹੈ। ਇਨਕਲਾਬੀ ਵਿਗਿਆਨ ਹੋਣ ਦੇ ਨਾਤੇ, ਇਹ, ਗੁੰਝਲਦਾਰ ਵਰਤਾਰਿਆਂ ਦੇ ਵਿਸ਼ਲੇਸ਼ਣ ਦੀ ਜੁਗਤ ਮੁਹੱਈਆ ਕਰਦਾ ਹੈ. ਘੜੇ-ਘੜਾਏ ਜੁਆਬ ਜਾਂ ਫਾਰਮੂਲੇ ਨਹੀਂ। ਮਾਰਕਸਵਾਦ ਅੰਦਰ ਕਿਸੇ ਫਾਰਮੂਲੇ ਲਈ ਕੋਈ ਜਗ੍ਹਾ ਨਹੀਂ, ਜਿਸ ਨਾਲ ਸਟੇਟ ਵਿਰੋਧੀ ਹਰ ਲਹਿਰ ਨੂੰ ਹਾਂ-ਪੱਖੀ ਕਰਾਰ ਦਿਤਾ ਜਾ ਸਕਦਾ ਹੋਵੇ।

ਕਿਸੇ ਲਹਿਰ ਦੀ ਦਰੁਸਤ ਖਾਸਾ-ਪਛਾਣਕਾਰੀ ਲਈ ਇਹ ਦੇਖਣਾ ਹੀ ਕਾਫੀ ਨਹੀਂ ਹੁੰਦਾ ਕਿ ਇਹ ਸਟੇਟ ਵਿਰੋਧੀ ਹੈ ਜਾਂ ਨਹੀਂ। ਇਸ ਤੋਂ ਵਧਕੇ, ਇਹ ਦੇਖਣਾ ਵੱਧ ਜ਼ਰੂਰੀ ਹੁੰਦਾ ਹੈ ਕਿ ਇਹ ਲਹਿਰ ਕਿਹਨਾਂ ਸਮਾਜੀ ਅੰਤਰ-ਵਿਰੋਧਾਂ ਦੀ ਉਪਜ ਹੈ, ਅਤੇ ਇਹ, ਇਹਨਾਂ ਅੰਤਰ-ਵਿਰੋਧਾਂ ਨੂੰ ਕਿਸ ਰੁਖ ਪ੍ਰਭਾਵਤ ਕਰਦੀ ਹੈ ?

ਮੁਖ ਲਿਖਤ ਅੰਦਰ ਵਿਚਾਰੇ ਗਏ ਨੁਕਤਿਆਂ ਦੇ ਦੁਹਰਾਅ ਤੋਂ ਬਚਦੇ ਹੋਏ, ਇਥੇ ਠੋਸ ਰੂਪ 'ਚ ਇਹ ਦੇਖਣਾ ਬਣਦਾ ਹੈ ਕਿ ਭਾਰਤ ਅੰਦਰ ਉਭਰ ਰਿਹਾ ਫਾਸ਼ੀਵਾਦ ਦਾ ਵਰਤਾਰਾ ਕਿਹਨਾਂ ਸਮਾਜੀ ਅਤਰ-ਵਿਰੋਧਾ ਦੀ ਉਪਜ ਹੈ, ਅਤੇ ਅੱਡ ਅੱਡ ਸਮਾਜੀ ਤਾਕਤਾ ਇਹਨਾਂ ਅੰਤਰ-ਵਿਰੋਧਾਂ ਨੂੰ ਕਿਹੜੇ ਰੁਖ ਹੱਲ ਕਰਨਾ ਚਾਹੁੰਦੀਆਂ ਹਨ ? ਹੋਰ ਵੀ ਵੱਧ ਠੋਸ ਰੂਪ ਵਿਚ ਉਹ ਤਾਕਤਾਂ ਕਿਹੜੀਆਂ ਹਨ ਜਿਨ੍ਹਾਂ ਦੇ ਹਿਤ ਮੌਜੂਦਾ ਭਾਰਤੀ ਸਟੇਟ ਦੇ ਜਮਹੂਰੀਕਰਨ ਦੀ ਮੰਗ ਕਰਦੇ ਹਨ, ਅਤੇ ਉਹ ਤਾਕਤਾਂ ਕਿਹੜੀਆਂ ਹਨ ਜਿਹਨਾਂ ਦੇ ਹਿਤ ਮੌਜੂਦਾ ਭਾਰਤੀ ਸਟੇਟ ਦੇ ਫਾਸ਼ੀਕਰਨ ਦੀ ਮੰਗ ਕਰਦੇ ਹਨ ? ਮੁੱਖ ਲਿਖਤ ਅੰਦਰ ਇਹ ਨੁਕਤਾ ਪੂਰਨ ਰੂਪ 'ਚ ਸਪਸ਼ਟ ਕੀਤਾ ਜਾ ਚੁੱਕਾ ਹੈ। ਅਜੋਕੀ ਬਾਹਰਮੁੱਖੀ ਹਕੀਕਤ 'ਚੋਂ ਇਹ ਤੱਥ ਜ਼ਾਹਰਾ ਰੂਪ 'ਚ ਉਭਰਕੇ ਸਾਹਮਣੇ ਆ ਰਿਹਾ ਹੈ ਕਿ ਇਹ, ਸਵਰਨ-ਜਾਤੀ ਹਿੰਦੂ ਸ਼ਾਵਨਵਾਦੀ ਤਾਕਤਾਂ ਹੀ ਹਨ, ਜਿਹੜੀਆਂ, ਆਪਣੇ ਜਮਾਤੀ ਹਿਤਾਂ

ਦੀ ਰਾਖੀ ਲਈ, ਮੌਜੂਦਾ ਭਾਰਤੀ ਸਟੇਟ ਦੇ ਜ਼ਿਆਦਾ ਤੋਂ ਜ਼ਿਆਦਾ ਫਾਸ਼ੀਕਰਨ/ਕੇਂਦਰੀਕਰਨ ਦੀ ਵਕਾਲਤ ਕਰ ਰਹੀਆਂ ਹਨ। ਜਦ ਕਿ ਇਸਦੇ ਉਲਟ, ਅੱਡ ਅੱਡ ਕੌਮੀਅਤਾਂ, ਧਾਰਮਿਕ ਘੱਟ ਗਿਣਤੀਆਂ ਤੇ ਦਲਿਤ ਸ਼੍ਰੇਣੀਆਂ, ਆਪਣੇ ਆਰਥਕ, ਸਮਾਜੀ, ਰਾਜਸੀ ਤੇ ਸਭਿਆਚਾਰਕ ਹਿਤਾਂ ਦੀ ਪ੍ਰਾਪਤੀ ਤੇ/ਜਾਂ ਰਾਖੀ ਲਈ, ਮੌਜੂਦਾ ਭਾਰਤੀ ਸਟੇਟ ਦੇ ਜਮਹੂਰੀਕਰਨ/ਵਿਕੇਂਦਰੀ-ਕਰਨ ਦੀ ਮੰਗ ਕਰ ਰਹੀਆਂ ਹਨ। ਭਾਵੇਂ ਇਹ ਗੱਲ ਸੌ ਫੀ ਸਦੀ ਦਰੁਸਤ ਹੈ ਕਿ ਭਾਰਤੀ ਸਟੇਟ ਨਾਲ ਟਕਰਾਅ 'ਚ ਆ ਰਹੇ ਇਹਨਾਂ ਸਮਾਜੀ ਵਰਗਾਂ ਦੀਆਂ ਸਿਆਸੀ ਲਹਿਰਾਂ ਦੀ ਅਗਵਾਈ ਕਰ ਰਹੀਆਂ ਕੁੱਝ ਬਰਜੂਆ ਜਾਂ ਨਿੱਕ-ਬੁਰਜੂਆ ਤਾਕਤਾਂ, ਆਪਣੇ ਸਮਾਜੀ ਤੇ ਜਮਾਤੀ ਖਾਸੇ ਸਦਕਾ ਹੀ, **ਇੱਕਸਾਰ** ਜਮਹੂਰੀ ਪੈਂਤੜਾ ਅਖਤਿਆਰ ਨਹੀਂ ਕਰ ਰਹੀਆਂ, ਅਤੇ ਉਹਨਾ ਅੰਦਰ ਖਦ ਗੈਰ-ਜਮਹੂਰੀ ਤੇ ਧੱਕੜ ਬਿਰਤੀਆ ਪ੍ਰਗਟ ਹੋ ਰਹੀਆਂ ਹਨ (ਜਿਨ੍ਹਾਂ ਖਿਲਾਫ਼ ਪੱਕ ਨਾਲ ਹੀ ਦ੍ਰਿੜ ਸੰਘਰਸ਼ ਕੀਤਾ ਜਾਣਾ ਚਾਹੀਦਾ ਹੈ), ਪਰ ਆਪਣੇ ਬਾਹਰਮੁਖੀ ਹਿਤਾਂ ਪੱਖੋਂ ਹੀ, ਇਹ ਵਰਗ, ਭਾਰਤੀ ਰਾਜ ਦੇ ਫਾਸ਼ੀਕਰਨ ਦੇ ਮੁਦਈ ਨਹੀਂ ਹੋ ਸਕਦੀਆਂ। ਆਪਣੇ ਸਭਨਾਂ ਵਿਗਾੜਾਂ, ਕਮਜ਼ੋਰੀਆ ਤੇ ਸੀਮਤਾਈਆ ਦੇ ਬਾਵਜੂਦ, ਇਹਨਾਂ ਵਰਗਾਂ ਦੇ ਭਾਰਤੀ ਸਟੇਟ ਨਾਲ ਬਾਹਰਮੁਖੀ ਟਕਰਾਅ ਦੀ ਹਕੀਕਤ ਨੂੰ ਕਿਸੇ ਵੀ ਤਰ੍ਹਾਂ ਅਣਡਿੱਠ ਨਹੀਂ ਕੀਤਾ ਜਾ ਸਕਦਾ।

ਦੂਜੇ ਬੰਨੇ, ਸਵਰਨ-ਜਾਤੀ ਹਿੰਦੂ ਸ਼ਾਵਨਵਾਦੀ ਤਾਕਤਾਂ ਦਾ ਪੈਂਤੜਾ ਹੈ। ਪਰ ਸਟੇਟ ਦੇ ਫਾਸ਼ੀਕਰਨ ਦਾ ਅਮਲ ਕਦੇ ਵੀ ਸਰਲ-ਪੱਧਰਾ ਨਹੀਂ ਹੋਇਆ ਕਰਦਾ। ਇਸ ਅਮਲ ਦੌਰਾਨ ਹਾਕਮ ਜਮਾਤਾ ਅੰਦਰ ਤਿੱਖੇ ਝਗੜੇ, ਕਲੇਸ਼ ਤੇ ਤਣਾਅ ਪੈਦਾ ਹੁੰਦੇ ਰਹਿੰਦੇ ਹਨ। ਇਤਿਹਾਸ ਅੰਦਰ ਅਜਿਹੀ ਕੋਈ ਉਦਾਹਰਨ ਨਹੀਂ ਮਿਲਦੀ ਜਿਥੇ ਫਾਸ਼ੀਵਾਦ, ਲੁਟੇਰੀਆ ਹਾਕਮ ਜਮਾਤਾਂ ਦਆਰਾ ਸਰਬ ਸੰਮਤੀ ਨਾਲ ਪਾਸ ਕੀਤੇ ਮਤੇ ਨਾਲ ਸਥਾਪਤ ਹੋ ਗਿਆ ਹੋਵੇ। ਹਾਕਮ ਜਮਾਤਾ ਅੰਦਰ, ਵੱਧ ਜਾਂ ਘੱਟ ਰੂਪ 'ਚ ਫੁੱਟ ਤੇ ਝਗੜਾ, ਇਸ ਵਰਤਾਰੇ ਦਾ ਲਾਜ਼ਮੀ ਲੱਛਣ ਹੈ।

ਅਜੋਕੇ ਸਮੇਂ ਅੰਦਰ ਭਾਰਤੀ ਹਾਕਮ ਵਰਗ ਨੂੰ ਵੀ ਅਜਿਹਾ ਹੀ ਅਮਲ ਹੰਢਾਉਂਦਿਆਂ ਦੇਖਿਆ ਜਾ ਸਕਦਾ ਹੈ। ਭਾਰਤੀ ਹਾਕਮਾਂ ਵਿਚਕਾਰ ਫਾਸ਼ੀਵਾਦ ਬਾਰੇ ਬੁਨਿਆਦੀ ਪੈਂਤੜੇ ਦੀ ਸਾਂਝ ਤੇ ਸਹਿਮਤੀ ਦੇ ਬਾਵਜੂਦ, ਉਹਨਾਂ ਦਰਮਿਆਨ, ਇਸਨੂੰ ਸਾਕਾਰ ਕਰਨ ਦੀ ਵਿਧੀ ਤੇ ਅਮਲ ਸਬੰਧੀ ਤਿੱਖੇ ਵਿਰੋਧ ਤੇ ਟਕਰਾਅ ਸਾਹਮਣੇ ਆ ਰਹੇ ਹਨ। ਹਿੰਦੂ ਸ਼ਾਵਨਵਾਦੀ ਤਾਕਤਾਂ ਦੇ ਕਝ ਹਿਸੇ, ਇਸ ਮਾਮਲੇ 'ਚ, ਵੱਧ ਬੇਸਬਰੀ ਤੇ ਤੱਤਾਪਣ ਦਿਖਾ ਰਹੇ ਹਨ। ਆਪਣੇ ਪੈਂਤੜੇ ਨੂੰ ਪਰਵਾਨ ਕਰਾਉਣ ਲਈ, ਉਹ, ਹਕੂਮਤੀ ਧਿਰ ਉਤੇ ਜ਼ੋਰਦਾਰ ਦਬਾਅ ਲਾਮਬੰਦ ਕਰ ਰਹੇ ਹਨ। ਇਥੋਂ ਤੱਕ ਕਿ, ਉਹ, ਹਕੂਮਤੀ ਧਿਰ ਵਿਰੁੱਧ ਕੁਝ ਹੱਦ ਤੱਕ ਐਜੀਟੇਸ਼ਨ ਦਾ ਰੁਖ ਵੀ ਅਖਤਿਆਰ ਕਰ ਰਹੇ ਹਨ। ਹਾਕਮ ਜਮਾਤਾਂ ਅੰਦਰਲਾ ਇਹ ਟਕਰਾਅ ਹੋਰ ਵੱਧ ਤਿੱਖੇ ਤੇ ਖੁਲ੍ਹਮ ਖੁਲ੍ਹੇ ਝਗੜੇ ਦਾ ਰੂਪ ਵੀ ਧਾਰਨ ਕਰ ਸਕਦਾ ਹੈ। ਅਜਿਹੇ ਟਕਰਾਉ ਦੀਆਂ ਸੰਭਾਵਨਾਵਾਂ ਨੂੰ ਮੂਲੋਂ ਈ ਰੱਦ ਨਹੀਂ ਕੀਤਾ ਜਾ ਸਕਦਾ। ਅਜਿਹੀ ਸੂਰਤ ਵਿਚ, ਹਿੰਦੂ ਸ਼ਾਵਨਵਾਦੀ ਤਾਕਤਾਂ ਦੇ ਵੱਧ ਮਾਰ ਖੋਰੇ ਹਿਸੇ, ਹਕੂਮਤੀ ਧਿਰ ਨੂੰ ਗੱਦੀਓਂ ਲਾਹੁਣ ਲਈ ਗੈਰ-ਪਾਰਲੀਮਾਨੀ ਅੰਦੋਲਨ ਤੇ ਲੜਾਈ ਦਾ ਵਿੱਢਣ ਵੀ ਵਿੱਢ ਸਕਦੇ ਹਨ। ਹਿੰਦੂ ਮਹਾਂ ਸਭਾ, ਰ. ਸ. ਸ., ਸ਼ਿਵ ਸੈਨਾ ਵਰਗੇ ਕੁਝ ਵੱਧ ਹੰਕਾਰੀ ਤੇ ਕੱਟੜ ਹਿੰਦੂ ਸ਼ਾਵਨਵਾਦੀ ਸੰਗਠਨਾਂ ਨੂੰ ਅਜਿਹੇ 'ਸੰਘਰਸ਼' ਦੀਆਂ ਮਸ਼ਕਾਂ ਕਰਦਿਆਂ ਦੇਖਿਆ ਜਾ ਸਕਦਾ ਹੈ। ਸੋ ਜੇਕਰ ਅਜਿਹੇ ਸੰਘਰਸ਼ ਦੀ ਸੰਭਾਵਨਾ ਹਕੀਕਤ 'ਚ ਪਲਟ ਜਾਂਦੀ ਹੈ ਤਾਂ ਹਿੰਦੂ ਸ਼ਾਵਨਵਾਦੀਆਂ ਦੇ ਵੱਧ ਹੰਕਾਰੀ ਹਿਸਿਆਂ ਦੀ ਇਸ ਜ਼ਾਹਰਾ ਰੂਪ 'ਚ 'ਸਟੇਟ ਵਿਰੋਧੀ' ਲਹਿਰ 'ਚੋਂ ਹਾਂ-ਪੱਖੀ ਤੱਤ ਲੱਭਣ ਦੀ ਕੋਸ਼ਿਸ਼ ਕਰਨਾ ਇਕ ਵੱਡੀ ਭੁੱਲ ਹੋਵੇਗੀ।

ਇਤਿਹਾਸ ਅੰਦਰ, ਫਾਸ਼ੀਵਾਦੀ ਤਾਕਤਾਂ ਦੁਆਰਾ ਅਜਿਹੀਆਂ 'ਵਿਰੋਧ ਲਹਿਰਾਂ' ਰਾਹੀਂ ਰਾਜਸੀ ਸੱਤ੍ਹਾ ਉਤੇ ਕਾਬਜ਼ ਹੋਣ ਦੀਆਂ ਕਈ ਮਿਸਾਲਾਂ ਮੌਜੂਦ ਹਨ। ਇਸ ਸਦੀ ਦੇ ਦੂਜੇ/ਤੀਜੇ ਦਹਾਕੇ ਦੌਰਾਨ ਜਰਮਨੀ ਅੰਦਰ ਹਿਟਲਰ ਦੀ ਅਗਵਾਈ ਹੇਠ ਉਠੀ ਫਾਸ਼ੀਵਾਦੀ ਹਨ੍ਹੇਰੀ, ਇਸ ਦੀ ਟਕਸਾਲੀ ਮਿਸਾਲ ਹੈ। ਜਰਮਨੀ ਦਾ ਹੀ ਤਜਰਬਾ ਇਹ ਵੀ ਸਿਖਾਉਂਦਾ ਹੈ ਕਿ ਨਾਜ਼ੀ-ਵਾਦ ਦਾ ਵਿਚਾਰਧਾਰਕ ਅਧਾਰ ਬਹੁਗਿਣਤੀ ਫਿਰਕੇ ਦਾ ਕੌਮੀ ਸ਼ਾਵਨਵਾਦ ਹੀ ਬਣ ਸਕਦਾ ਸੀ (ਤੇ ਬਣਿਆ)। ਜਰਮਨੀ ਦੇ ਘੱਟ ਗਿਣਤੀ ਯਹੂਦੀ ਵਰਗ ਅੰਦਰ ਪੈਦਾ ਹੋਏ ਸੌੜੇ ਤੇ ਕੱਟੜਵਾਦੀ ਰੁਝਾਨ, ਫਾਸ਼ੀਵਾਦ ਵਿਰੋਧੀ ਲਹਿਰ ਨੂੰ ਕਮਜ਼ੋਰਿਆਂ ਕਰਨ ਦੇ ਸਾਧਨ ਤਾਂ ਬਣੇ ਹੋ ਸਕਦੇ ਹਨ, ਪਰ ਘੱਟ ਗਿਣਤੀ ਵਰਗ ਦਾ ਇਹ 'ਸੌੜਾ ਕੌਮਵਾਦ' ਜਰਮਨ ਫਾਸ਼ੀਵਾਦ ਦਾ ਵਿਚਾਰਧਾਰਕ ਅਧਾਰ ਤੇ ਵਾਹਕ ਨਹੀਂ ਸੀ ਬਣ ਸਕਦਾ (ਤੇ ਨਾ ਹੀ ਬਣਿਆ)। ਜਰਮਨ ਫਾਸ਼ੀਵਾਦ, ਘੱਟ ਗਿਣਤੀ ਵਰਗ ਅੰਦਰ ਪੈਦਾ ਹੋਏ ਗਲਤ ਵਿਚਾਰਧਾਰਕ ਤੇ ਸਿਆਸੀ

ਬੁਝਾਨਾਂ ਦਾ ਕਰਮਫਲ ਨਹੀਂ ਸੀ, ਸਗੋਂ ਜਰਮਨ ਸਰਮਾਏਦਾਰੀ ਦੀਆਂ ਜਮਾਤੀ ਲੋੜਾਂ ਤੇ ਤਕਾਜ਼ਿਆਂ 'ਚੋਂ ਉਪਜਿਆ ਵਿਚਾਰਧਾਰਕ ਤੇ ਸਿਆਸੀ ਪੈਂਤੜਾ ਸੀ। ਇਵੇਂ ਭਾਰਤ ਅੰਦਰ ਉਭਰ ਰਹੇ ਫਾਸ਼ੀਵਾਦ (ਜਿਸ ਨੂੰ ਕੁਝ ਲੋਕ 'ਸਰਕਾਰੀ ਦਹਿਸ਼ਤਗਰਦੀ' ਦਾ ਨਾਉਂ ਦਿੰਦੇ ਹਨ) ਦੀ ਬੁਨਿਆਦੀ ਵਜ੍ਹਾ, ਘੱਟ ਗਿਣਤੀ ਵਰਗਾਂ ਦੀਆਂ ਲਹਿਰਾਂ ਅੰਦਰ ਪੈਦਾ ਹੋਏ ਵਿਚਾਰਧਾਰਕ ਤੇ ਸਿਆਸੀ ਵਿਗਾੜ ਨਹੀਂ ਹਨ (ਭਾਵੇਂ ਕਿ ਇਹ ਵਿਗਾੜ ਫਾਸ਼ੀਵਾਦ ਵਿਰੋਧੀ ਲਹਿਰ ਦੀ ਉਸਾਰੀ ਦੇ ਕਾਰਜ ਨੂੰ ਭਾਰੀ ਹਰਜਾ ਜ਼ਰੂਰ ਪੁਚਾ ਰਹੇ ਹਨ), ਸਗੋਂ ਭਾਰਤੀ ਫਾਸ਼ੀਵਾਦ, ਅਸਲ ਰੂਪ ਵਿਚ, ਭਾਰਤੀ ਹਾਕਮ ਜਮਾਤਾਂ ਦਾ ਮੌਜੂਦਾ ਸੰਕਟਗ੍ਰਸਤ ਹਾਲਤ ਪ੍ਰਤੀ ਜੁਆਬੀ-ਹੁਂਗਾਰਾ ਹੈ। ਇਸ ਸੱਚ ਨੂੰ ਸਿਰ ਪਰਨੇ ਖੜ੍ਹਾ ਕਰਕੇ ਪੇਸ਼ ਕਰਨ ਵਾਲੀ ਸੋਚ ਤੇ ਧਾਰਨਾ ਦੀ, ਮਾਰਕਸਵਾਦ-ਲੈਨਿਨਵਾਦ ਨਾਲ ਉਕਾ ਈ ਕੋਈ ਸਾਝ-ਸਕੀਰੀ ਨਹੀਂ।

o

---

## 2. ਕੁਝ ਹੋਸ਼ ਕਰੋ। ਸਿਆਣਿਉ !!

ਬਹਿਸ ਜਾਰੀ ਹੈ। ਸ਼ਬਦਾਂ ਦੀ ਬੇਸ਼ਕਲ ਭੀੜ ਵਿਚ, ਸਭ ਗੁਆਚੇ ਨਜ਼ਰ ਆ ਰਹੇ ਹਨ। ਹਕੀਕਤ ਤੋਂ ਜਿਵੇਂ ਹਰ ਕੋਈ ਇਸ ਕਰਕੇ ਦੂਰ ਹੋ ਗਿਐ, ਇਹ ਸਮਝਕੇ ਇਹ ਹਕੀਕਤ ਸਿਰਫ਼ ਉਹੀ ਜਾਣਦੈ। ਤੇ ਜਾਂ ਫਿਰ ਪੜ੍ਹ ਲੈਣਾ, ਚਾਰ ਗੱਲਾਂ ਲਿਖ ਲੈਣਾ, ਕੁੰਜੀ 'ਚ ਕਾਠਾ ਪਾ ਦੇਣਾ ਤੇ ਫਿਰ ਤਮਾਸ਼ਾ ਜਿਹਾ ਵੇਖਦੇ ਰਹਿਣਾ ਇਸ ਤਰ੍ਹਾਂ ਦੀ ਲੀਹ ਬਣ ਗਈ ਨਜ਼ਰ ਆਉਂਦੀ ਹੈ।

ਤਜਰਬੇਕਾਰ ਬਜ਼ੁਰਗ ਗੁਰਸ਼ਰਨ ਸਿੰਘ ਨੇ ਕੁਝ ਕਿਹਾ। ਉਸਦੀ ਤਹਿਕੀਕ ਜਾਏ ਬਿਨਾ, ਉਸਦੀ ਸਾਰੀ ਜ਼ਿੰਦਗੀ ਦਾ ਕੀਤਾ ਕਰਾਇਆ ,ਕਰਾਇਆ 'ਕਿਧਰ ਨੂੰ' 2 ਕਹਿਕੇ ਬੋੜੇ ਖੂਹ 'ਚ ਦੇ ਮਾਰਿਆ।

ਹਰਜੀਤ ਸਿੰਘ ਨੇ ਗਹਿਰਾਈ 'ਚ ਲਹਿ ਕੇ ਨਬਜ਼ ਫੜੀ ਹੈ ਜਦੋਂ ਉਹ ਆਖਦਾ ਹੈ। "ਇਸ ਪ੍ਰਤੱਖ ਨੂੰ ਕਿਸੇ ਵੀ ਪ੍ਰਮਾਣ ਦੀ ਲੋੜ ਨਹੀਂ ਕਿ ਪਿਛਲੇ ਵੀਹ ਸਾਲਾਂ ਦੀਆਂ ਸਾਡੀਆਂ ਸਿਰਤੋੜ ਕੋਸ਼ਸ਼ਾਂ ਦੇ ਬਾਵਜੂਦ ਅਸੀਂ ਦੇਸ਼ ਦੀ ਵਿਸ਼ਾਲ ਮਿਹਨਤਕਸ਼ ਜਨਤਾ ਨੂੰ ਆਪਣੇ ਨਾਲ ਨਹੀਂ ਜੋੜ ਸਕੇ ਸਗੋਂ ਲਗਾਤਾਰ ਉਸਤੋਂ ਨਿਖੜਦੇ ਗਏ ਹਾਂ।"

ਇਹ ਸੱਚ ਹੈ। ਸੋਲਾਂ ਆਨੇ ਸੱਚ। ਕਾਰਨ ਕੀ ਹੈ, ਜਾਂ ਤਾਂ ਫੈਸਲੇ ਉਹਨਾਂ ਨੇ ਕੀਤੇ ਜਿੰਨ੍ਹਾਂ ਨੂੰ ਇਨਕਲਾਬ ਦੀ ਨਹੀਂ, ਇਨਕਲਾਬ ਨੂੰ ਰੋਕਣ ਦੀ ਲੋੜ ਸੀ ਤੇ ਜਾ ਫਿਰ ਫੈਸਲੇ ਉਹਨਾਂ ਕੀਤੇ ਜੋ ਕਾਰਨ ਦੇ ਜਮਾਤੀ ਪ੍ਰਸੰਗ ਤੋਂ ਅਣਜਾਣ ਸਨ, ਪਰ ਸਮਝਦੇ ਆਪਣੇ ਆਪ ਨੂੰ ਮਹਾਰਥੀ ਸਨ। ਇਹ ਕੋਈ ਬੀਤੇ ਦਿਨ ਦੀ ਕਹਾਣੀ ਨਹੀਂ ਵਰਤਮਾਨ ਦੀ ਵੀ ਕਹਾਣੀ ਹੈ। ਇਸੇ ਲਈ ਗੁਰਸ਼ਰਨ ਸਿੰਘ ਵਰਗੇ ਬਜ਼ੁਰਗ ਤੇ ਇਮਾਨਦਾਰ ਕਾਮ-ਰੇਡ ਨੂੰ ਹਰ ਪਰਚੇ ਵਿਚ ਮੰਨਣਾ ਪਿਆ ਹੈ ਕਿ ਕਿਤੇ ਨੁਕਸ ਹੈ।" ਤੇ ਇਹ ਨੁਕਸ ਵੀ ਏਡਾ ਵੱਡਾ ਹੈ ਕਿ 60 ਸਾਲ ਦੀ ਕਮਿਊਨਿਸਟ ਲਹਿਰ ਦਾ ਲੇਖਾ ਜੋਖਾ ਕਰਨ ਬੈਠੀਏ ਤਾਂ ਸਾਫ ਪਤਾ ਲੱਗ ਜਾਵੇਗਾ ਕਿ ਭਾਰਤੀ ਜਨਤਾ ਲਈ ਤੇ ਖਾਸ ਕਰਕੇ 85% ਦੱਬੇ ਕੁੱਚਲੇ ਲਤਾੜੇ ਪਛਾੜੇ ਸਮਾਜ ਲਈ ਕਮਿਊਨਿਸਟ ਇਕ ਵਿਅਰਥ ਜਿਹੀ ਚੀਜ਼ ਬਣ ਕੇ ਰਹਿ ਗਏ ਹਨ। ਇਹ ਕੌੜਾ ਸੱਚ ਮੰਨਣਾ ਬਹੁਤ ਔਖਾ ਹੈ। ਪਰ ਨਾ ਮੰਨਕੇ ਸੱਚ ਨੇ ਤਾਂ ਛੁਪ ਨਹੀਂ ਜਾਣਾ।

ਹਕੀਕਤਾਂ ਤੋਂ ਜਾਣੂ ਗੁਰਸ਼ਰਨ ਸਿੰਘ ਨੇ ਲਿਖ ਦਿਤਾ ਕਿ ਸਾਡਾ ਨਿਸ਼ਾਨਾ ਸਿਰਫ ਸਟੇਟ ਅਤੇ ਉਸਤੇ ਕਾਬਜ਼ ਹਾਕਮ ਲੋਕ ਹੀ ਹੋਣੇ ਚਾਹੀਦੇ ਹਨ। ਮਸਲ ਖੜੇ ਕਰਨਾ ਤੇ ਉਹਨਾਂ ਨੂੰ ਹਰ ਹਰਬਾ ਵਰਤਕੇ ਆਪਣੇ ਹਿਤ ਵਿਚ ਭੁਗਤਾਉਣਾ ਸਟੇਟ ਦਾ ਕੰਮ ਹੈ। ਜਿਸ ਸਟੇਟ ਦਾ ਪੂਰੀ ਪਰੈਸ 'ਤੇ, ਰੇਡੀਓ ਤੇ, ਟੀ. ਵੀ. ਤੇ ਅਤੇ ਸਭ ਤੋਂ ਵੱਧ ਪੜ੍ਹੀਆਂ ਜਾਂਦੀਆਂ ਪੱਤਰਕਾਰਾਂ ਤੇ ਕੰਟਰੋਲ ਹੁੰਦਾ ਹੈ ਉਹ ਗਧੇ ਨੂੰ ਘੋੜਾ ਤੇ ਬੱਕਰੀ ਨੂੰ ਊਠ ਸਾਬਤ ਕਰ ਸਕਦੀ ਹੁੰਦੀ ਹੈ ਜਦੋਂ ਸਾਰੀ ਦੀ ਸਾਰੀ ਜੰਨਤਾ ਅਨਪੜ੍ਹ ਅਨਜਾਣ ਤੇ ਗਿਆਨ ਵਿਹੂਣੀ ਹੋਵੇ। ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਇਨਕਲਾਬੀ ਸਫ਼ਾਂ ਦੇ ਪਹਿਰੂਆਂ ਨੇ ਕੀ ਸਮਝਿਆ, ਕੀ ਜਾਣਿਆਂ ਤੇ ਕੀ ਕੀਤਾ।

ਗੁਰਸ਼ਰਨ ਸਿੰਘ ਦੀ ਦਰੁਸਤ ਸਮਝ ਕੇ ਇਨਕ-ਲਾਬੀਆਂ ਦਾ ਨਿਸ਼ਾਨਾ ਸਿਰਫ਼ ਸਟੇਟ ਤੇ ਉਸਤੋਂ ਕਾਬਜ਼ ਹਾਕਮ ਵਲ ਹੋਣਾ ਚਾਹੀਦਾ ਹੈ ਕਿ ਕਿੱਡੀ ਪੁੱਠੀ ਗੇੜੇ ਪਾ ਦਿਤੀ ਗਈ ਹੈ। ਜੇ ਉਸਨੇ ਕਿਹਾ ਕਿ ਵੀ. ਪੀ. ਸਿੰਘ ਵਰਗੇ ਦੀ ਵੀ ਸਹਾਇਤਾ ਕਰੋ, ਇਸਦਾ ਅਰਥ ਇਹ ਨਹੀਂ ਕਿ ਗੁਰਸ਼ਰਨ ਸਿੰਘ ਉਲਟ ਇਨਕਲਾਬੀ ਹੋ ਗਿਆ ਜਾਂ ਉਸਦੀ ਵਡੇਰਾ ਹੋ ਕੇ ਅਕਲ ਫਿਰ ਗਈ ਉਸਦਾ ਮੰਤਵ ਤਾਂ ਏਨਾ ਹੀ ਸੀ ਕਿ; ਹਾਕਮ ਨੂੰ ਜਿਹੜਾ ਡਾਂਗ ਖਿੱਚੀ ਖੜ੍ਹੈ ਉਸਨੂੰ ਸ਼ਾਬਾ ਬਈ ਸ਼ਾਬਾ, ਲੱਗਾ ਰਹੁ ਕਹਿਣਾ ਬਣਦੈ। ਤਾਂ ਕਿ ਹਾਕਮ ਕਮਜ਼ੋਰ ਹੋਵੇ ਤੇ ਉਸਦੀ ਪਕੜ ਢਿੱਲੀ ਪਵੇ। ਹਾਲਾਤ ਮੋੜਾ ਕੱਟਣ ਸਿਆਣੇ ਬੰਦੇ ਸਮੇਂ ਦੀ ਵਾਗ ਆਪਣੇ ਹੱਥੀਂ ਲੈ ਜਾਣ। ਗੁਰਸ਼ਰਨ ਸਿੰਘ ਦੀ ਉਮਰ ਬੀਤ ਗਈ ਇਨਕ-

ਲਾਭ ਲਿਆਉਂਦਿਆਂ। ਉਹ ਬਜ਼ੁਰਗ ਅਜੇ ਵੀ ਮੋਢੇ ਤੇ ਸੰਮਾਂ ਵਾਲੀ ਡਾਂਗ ਰੱਖੀ ਖੜੋਤੈ ਪਰੰਤੂ ਉਸਨੇ ਲੋਕਾਂ ਦੀ ਗਲਤ ਸੋਚ ਦਾ ਸੰਤਾਪ ਹੰਡਾਇਆ ਹੈ। ਉਹ ਅਣਥੱਕ ਕਾਮਾਂ ਹੈ। ਉਸਨੇ ਦੁਨੀਆਂ ਚਾਰੀ ਹੈ। ਕੀ ਉਹ ਇਹ ਵੀ ਨਹੀਂ ਜਾਣਦਾ ਕਿ ਵੀ ਪੀ. ਸਿੰਘ ਕੌਣ ਹੈ। ਜਦੋਂ ਰਾਜੀਵ ਦੀ ਮੰਜੀ ਠੁਕਣ ਵਾਲੀ ਸੀ ਤੇ ਮੌਕਾ ਬਣ ਚੁੱਕਾ ਸੀ ਤਾਂ ਸ਼ੁੱਜ੍ਹਿਆਂ ਖੱਬਿਆਂ ਨੇ ਅੜਿਕਾ ਅੜਾ ਤਾ। ਹਾਕਮ ਨੂੰ ਡੁਬਦਿਆ ਬਚਾ ਲਿਆਂਦਾ। ਬਣਦੀ ਤੱਤੀ ਵਾਅ ਲੱਗਣ ਨਹੀਂ ਦਿਤੀ। ਤੇ ਜਦੋਂ ਅਗਲਾ ਪੈਰਾਂ ਸਿਰ ਹੋ ਕੇ ਬੰਦੇ ਦੇ ਜਿਉਣ ਦੇ ਹੱਕ ਵੀ ਖੋਹ ਕੇ ਲੈ ਗਿਆ ਤਾਂ ਇਹ ਖੱਬੇ ਸੱਜੇ, ਰਜੀਵ ਹਵਾਉਣ ਲੱਗ ਪਏ। ਵਾਹ! ਕਾਮਰੇਡੋ! ਅਸ਼ਕੇ ਬੇੜੀਓ! ਜੰਤਾ ਐਨੀ ਮੂਰਖ ਨਹੀਂ, ਜਿੰਨੀ ਤੁਸੀਂ ਸਮਝੀਏ। ਯਾਦ ਰਖਿਓ, ਕਿ ਜੰਤਾ ਫੈਸਲਾ ਦੇਵੇਗੀ, ਹਾਂ, ਜ਼ਰੂਰ ਦੇਵੇਗੀ ਤੇ ਤੁਸੀਂ ਬੇਵਾਕ ਮੂੰਹਾਂ ਵਲ ਝਾਕਦੇ ਰਹਿ ਜਾਓਗੇ।

ਜਿੰਨਾ ਕੋਲ ਠੀਕ ਫੈਸਲੇ ਕਰ ਸਕਣ ਦੀ ਸਮਰਥਾ ਨਾ ਹੋਵੇ ਤੇ ਜਿਹੜੇ, ਸਾਰੇ ਦੇ ਸਾਰੇ, 'ਚੌਧਰੀ' ਬਣਕੇ ਤੇ ਸਿਰਫ ਏਸੇ ਕੰਮ ਦੇ ਲੱਗੇ ਰਹਿਣ ਕਿ ਬਹਿਸ ਕਰੋ ਤੇ ਠੀਕ ਨਿਤਨੇ ਤੇ ਪਹੁੰਚੋ, ਉਹਨਾਂ ਨੂੰ ਜੰਤਾ ਨਹੀਂ ਉਡੀਕਦੀ। ਕਾਮਰੇਡੋ ਤੁਸੀਂ 'ਕਿਸਾਨੀ' ਦੀਆਂ ਗੱਲਾਂ ਕਰਦੇ ਰਹੇ ਉਹਨਾਂ ਨੂੰ, ਬਾਦਲ ਲੈ ਗਿਆ, ਬਰਨਾਲਾ ਲੈ ਗਿਆ। ਦੇਵੀ ਲਾਲ ਲੈ ਗਿਆ, ਚਰਨ ਸਿੰਘ ਲੈ ਗਿਆ ਤੁਸੀਂ 75% ਦਲਿਤਾਂ ਬਾਰੇ ਕਦੀ ਸੋਚਿਆ ਹੀ ਨਹੀਂ, ਉਹ ਕਾਂਗਰਸ ਲੈ ਗਈ। ਥੋਡੇ ਕੋਲ ਕੀ ਰਹਿ ਗਿਐ? ਇਹ ਕਿ ਭਾਰਤ ਅਰਧ ਜਗੀਰੂ ਹੈ। ਅਰਧ ਬਸਤੀਵਾਦ ਜਾਂ ਦਲਾਲ ਸਰਮਾਏਦਾਰ। ਕਦੀ ਸੋਚਿਐ ਜਿਸ ਪਾਸ ਲੋਕ ਨਾ ਹੋਣ, ਉਹ ਗਲ ਗਲੀ ਟੱਲੀਆਂ ਵਜਾਉਣ ਵਾਲਿਆਂ ਤੋਂ ਵੱਧ ਕੁਝ ਨਹੀਂ ਹੁੰਦਾ।

ਅੱਜ ਵੀ ਸਮਝ ਜਾਵੋ। ਤੇ ਇਹ ਵੀ ਮੰਨ ਲਵੋ ਕਿ ਜਨਤਾ ਹੁਣ ਇਕ ਵਾਰ ਫੇਰ ਫੈਸਲੇ ਦੀ ਰੌਅ ਵਿਚ ਹੈ। ਹੁਣ ਦੇਖਣਾ ਇਹ ਹੈ ਕਿ ਇਸ ਰੌਅ ਨੂੰ ਆਪਣੇ ਵੱਲ ਕੌਣ ਮੋੜਦਾ ਹੈ।

ਪਿਛਲੇ 40 ਸਾਲਾਂ 'ਚ ਕਾਂਗਰਸ ਨੂੰ ਕਮਜ਼ੋਰ ਕਰਨ ਵਾਲੀ ਤਾਕਤ ਨਹੀਂ ਬਣ ਸਕੀ। ਕਾਮਰੇਡੋ! ਉਹ ਮੌਕਾ ਸੀ ਜਦੋਂ ਵੀ ਪੀ. ਸਿੰਘ ਵਰਗੇ, ਰਜਵਾੜੇ ਨੇ ਆਪਣੇ ਵਰਗਿਆਂ ਦੇ ਪੋਤੜੇ ਫੋਲ ਮਾਰੇ। ਉਸਨੇ ਥੋਨੂੰ ਮਸਲਾ ਦਿੱਤਾ। ਏਡਾਂ ਵੱਡਾ ਮਸਲਾ ਜਿਸ ਨੂੰ ਲੈਕੇ ਤੁਸੀਂ ਹਾਕਮਾਂ ਦੀ ਤੂਤੀ ਬੰਦ ਕਰ ਸਕਦੇ ਸੀ ਪਰ ਤੁਸੀਂ ਤਾ ਆਪਣੀਆਂ ਤੂਤਣੀਆਂ ਦੀਆਂ ਬੇਸੁਰਾਂ ਵਿਚ ਹੀ ਉਲਝਕੇ ਰਹਿ ਗਏ ਹੋ। ਇਹ ਮੌਕਾ ਸੀ ਜਦੋਂ ਸਿਆਣੇ ਲੋਕ, ਇਸਦਾ ਫਾਇਦਾ ਉਠਾ ਸਕਦੇ। ਪਰ ਏਥੇ ਤਾਂ ਇਉਂ ਲੱਗਦਾ ਹੈ ਜਿਵੇਂ ਮੂਰਖ ਦਾ ਨਾਉਂ ਪੰਡਤ।

ਜਨਤਾ ਨੂੰ ਥੋਡੇ ਘਰੜ ਗਿਆਨ ਦੀ ਲੋੜ ਨਹੀਂ। ਉਸ ਨੂੰ ਤਾਂ ਕੋਈ ਬਾਂਹ ਫੜਨ ਵਾਲਾ ਚਾਹੀਦੈ ਜਿਹੜਾ ਦੂਜੇ ਘਰ ਲੈ ਜਾਵੇ। ਇਕ ਵਾਰੀ ਉਸਦੀ ਦੁਖਦੀ ਰਗ ਨੂੰ ਪਛਾਣ ਲਵੋ ਤੇ ਮਗਰ ਲਾਕੇ ਮੰਜ਼ਲ ਪਾਵੋ। ਫਿਰ ਦਾਅ ਬਣਾ ਲੈਣਾ ਜਿਵੇਂ ਮਰਜੀ ਐ। ਜਿਹੜੇ ਲੋਕ ਜਨਮ ਦਾ ਮੂਡ ਨਹੀਂ ਪਛਾਣ ਸਕਦੇ ਉਹ ਸਿਆਣੇ ਕਹਾਉਣ ਦੇ ਹੱਕਦਾਰ। ਹਰਜੀਤ ਸਿੰਘ ਨੇ ਇਸ ਵਾਰ ਦੁਖਦੀ ਨਬਜ਼ ਤੇ ਹੱਥ ਧਰਿਆ ਹੈ। ਕੁਝ ਸਹੀ ਪਛਾਣ ਵੀ ਕੀਤੀ ਹੈ।

○

–ਇਕ ਪਾਠਕ

---

## ਇਕ ਚਿੱਠੀ

ਸਤਿਕਾਰ ਯੋਗ ਭਾਅ ਜੀ, ਪੇਪਰ 'ਚ ਬਹਿਸ ਚੰਗੀ ਚਲਦੀ ਐ। ਸਾਰੀਆਂ ਧਿਰਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਐ ਕਿ ਏਕੇ ਬਿਨਾਂ, ਉਹ ਸਿਰਫ ਆਪਣੀ ਮਾਨਸਿਕ ਤਸੱਲੀ ਹੀ ਕਰਦੇ ਹਨ, ਇਸ ਤੋਂ ਵੱਧ ਕੁਝ ਨਹੀਂ। ਆਪਣੇ 2 ਥੋੜੇ-2 ਇਲਾਕੇ 'ਚ ਪ੍ਰਭਾਵ ਰੱਖਣ ਵਾਲੇ ਇਹ ਗਰੁੱਪ, ਸੁਪਨੇ ਲੈਂਦੇ ਨੇ ਭਾਰਤੀ ਇਨਕਲਾਬ ਦੇ। ਇਹ ਖਿਆਲ, ਇਹ (ਗਰੁੱਪ) ਕੱਢ ਦੇਣ ਕੇ ਏਕੇ ਬਿਨਾ ਕੁਝ ਕਰ ਸਕਦੇ ਹਨ। ਬਹੁਤ ਸਿਆਣੇ ਨੌਜਵਾਨ, ਸੱਚੇ ਦਿਲੋਂ ਇਨਾਂ ਗਰੁੱਪਾਂ 'ਚ ਕੰਮ ਕਰਦੇ ਨੇ। ਪਰ, ਬਹੁਤ ਅਫਸੋਸ ਹੁੰਦੈ ਕਿ ਉਹ ਇੰਨਾਂ ਗਰੁੱਪਾਂ 'ਚ ਵੱਢ ਕਾਰਣ, ਆਪਣੀਆਂ ਜੁਆਨੀਆਂ ਤੇ ਕੀਮਤੀ ਸਮਾਂ ਅਜਾਈਂ ਗੁਆਈ ਜਾ ਰਹੇ ਹਨ। ਨਾਲੇ, ਵੱਧ ਤੋਂ ਵੱਧ ਨਰਮ ਢੰਗ-ਤਰੀਕੇ ਅਪਣਾਉਣੇ ਚਾਹੀਦੇ ਹਨ, ਜਿਸ ਨਾਲ ਕੇ ਲੋਕਾਂ 'ਚ ਇਨਾਂ ਪਾਰਟੀਆਂ ਦਾ ਨਾਂ ਆਵੇ। ਸਿਰਫ ਲੁਕ-2 ਕੇ ਹੀ ਮੀਟਿੰਗਾਂ ਕਰਨ ਨਾਲ, ਜਨਤਕ ਆਧਾਰ ਨਹੀਂ ਬਣਦਾ। ਵੱਧ ਤੋਂ ਵੱਧ ਲੋਕਾਂ ਦਾ ਸਹਿਯੋਗ ਲੈਣ ਲਈ, ਢੰਗ-ਤਰੀਕੇ ਥੋੜੇ ਨਰਮ ਕਰਨ 'ਚ ਕੋਈ ਹਰਜ਼ ਨਹੀਂ।

ਗੁਰਚਰਨ ਲੈਹਰਾ–ਗਾਗਾ

○

## ਇਕ ਚਿੱਠੀ

ਗੁਰਸ਼ਰਨ ਭਾ ਜੀ, ਤੁਸੀਂ ਇਹ ਧਾਰਨਾ ਲਿਆਂਦੀ ਹੈ ਕਿ ਖਾਲਿਸਤਾਨੀ ਕੱਟੜ ਪੰਥੀਆਂ ਖਿਲਾਫ਼ ਸਾਡਾ **ਸਿੱਧਾ ਸੰਘਰਸ਼,** ਕਰਨਾ ਨਹੀਂ ਬਣਦਾ—ਭਾਵ ਇਹਨਾਂ ਦਾ ਵਿਚਾਰਧਾਰਕ ਤੇ ਸਿਆਸੀ ਪੱਧਰ 'ਤੇ ਵਿਰੋਧ ਕਰਦੇ ਹੋਏ ਸਾਨੂੰ **ਸਿੱਧਾ ਸੰਘਰਸ਼** ਸਟੇਟ ਖਿਲਾਫ਼ ਹੀ ਕਰਨਾ ਚਾਹੀਦਾ ਹੈ। ਇਸ ਧਾਰਨਾ ਦੇ ਵਿਰੁੱਧ ਕੁਝ ਹਲਕਿਆਂ ਵਲੋਂ ਬੜਾ ਹੀ ਤਿੱਖਾ ਤੇ ਕਰੋਧ ਭਰਿਆ ਪ੍ਰਤੀਕਰਮ ਹੋਇਆ ਹੈ। ਇਸ ਮਸਲੇ ਨੂੰ ਲੈ ਕੇ ਮੈਂ ਪਿਛਲੇ ਦਿਨੀਂ ਇਸ ਸਦੀ ਦੇ ਸ਼ੁਰੂਆਤੀ ਵਰ੍ਹਿਆਂ ਦੌਰਾਨ ਲੈਨਿਨ ਤੇ ਰੋਜ਼ਾ ਲਕਜ਼ਮ ਬਰਗ ਵਿਚਕਾਰ ਕੌਮੀ ਮਸਲੇ ਸੰਬੰਧੀ ਚਲੀ ਬਹਿਸ ਭੇੜ ਦਾ ਅਧਿਐਨ ਕਰਨ ਦਾ ਮਨ ਬਣਾਇਆ। ਇਹ ਅਧਿਐਨ ਕਰਦਿਆਂ ਮੈਨੂੰ ਇਹ ਮਹਿਸੂਸ ਹੋਇਆ ਕਿ ਸਾਡੀ ਲਹਿਰ ਦੇ ਇਕ ਹਿੱਸੇ ਵਲੋਂ ਇਸ ਮਸਲੇ 'ਤੇ ਲਈ ਗਲਤ ਪੋਜ਼ੀਸ਼ਨ ਦਾ ਸਿਧਾਂਤਕ ਸੋਮਾ ਉਹਨਾਂ ਦੀ ਕੌਮੀ ਮਸਲੇ ਸੰਬੰਧੀ ਲੈਨਿਨੀ ਸਿਖਿਆਵਾਂ ਬਾਰੇ ਕੋਰੀ ਅਗਿਆਨਤਾ ਅੰਦਰ ਮੌਜੂਦ ਹੈ। ਲੈਨਿਨ ਤੇ ਰੋਜ਼ਾ ਲਕਜ਼ਮ ਬਰਗ ਵਿਚਕਾਰ ਚੱਲੀ ਨਿੱਗਰ ਸਿਧਾਂਤਕ ਬਹਿਸ ਅੰਦਰ, ਵਿਰੋਧ ਤੇ ਟਕਰਾਅ ਦਾ ਨੁਕਤਾ, ਜਾਬਰ ਤੇ ਮਜ਼ਲੂਮ ਕੌਮਾਂ ਦੇ 'ਕੌਮਵਾਦਾਂ' ਵਿਚਕਾਰ ਨਿਖੇੜੇ ਦੀ ਅਹਿਮੀਅਤ ਨੂੰ ਪਛਾਨਣ ਨਾਲ ਸਬੰਧਤ ਸੀ। ਰੋਜ਼ਾ ਲਕਜ਼ਮ ਬਰਗ, ਦੋਨੋਂ ਕੌਮਵਾਦਾਂ ਨੂੰ ਇਕੋ ਪਲੜੇ ਤੋਲਦੀ ਹੋਈ ਅਜਿਹੇ ਕਿਸੇ ਨਿਖੇੜੇ ਨੂੰ ਫਜ਼ੂਲ ਤੇ ਬੇਲੋੜਾ ਸਮਝਦੀ ਸੀ। ਇਸਦੇ ਉਲਟ ਲੈਨਿਨ ਦੀ ਕੌਮੀ ਮਸਲੇ ਪ੍ਰਤੀ ਸਮੁੱਚੀ ਸਮਝ ਅੰਦਰ ਇਸ ਨਿਖੇੜੇ ਦੀ ਭਾਰੀ ਅਹਿਮੀਅਤ ਸੀ। ਇਹ ਨਹੀਂ ਕਿ ਲੈਨਿਨ ਮਜ਼ਲੂਮ ਕੌਮਾਂ ਦੇ 'ਸੌੜੇ ਕੌਮਵਾਦ' ਨੂੰ ਕੋਈ **ਵਿਚਾਰਧਾਰਕ** ਛੋਟ ਜਾਂ ਰਿਆਇਤ ਦੇਣ ਲਈ ਤਿਆਰ ਸੀ। **ਵਿਚਾਰਧਾਰਕ** ਖੇਤਰ ਅੰਦਰ, ਉਹ ਇਸ 'ਸੌੜੇ ਕੌਮਵਾਦ' ਵਿਰੁੱਧ ਦ੍ਰਿੜ੍ਹ ਤੇ ਸਮਝੌਤਾ ਰਹਿਤ ਜੱਦੋ ਜਹਿਦ ਦਾ ਮੁਦੱਈ ਸੀ ਪਰ ਆਪਣੀ "ਕੌਮਾਂ ਦੇ ਆਤਮ ਨਿਰਣੇ ਦੇ ਹੱਕ ਬਾਰੇ" ਅਹਿਮ ਸਿਧਾਂਤਕ ਲਿਖਤ ਅੰਦਰ ਲੈਨਿਨ ਨੇ ਇਸ ਨਿਖੇੜੇ ਦੀ ਸਿਆਸੀ ਅਹਿਮੀਅਤ ਨੂੰ ਪਛਾਣਦਿਆਂ ਹੋਇਆਂ ਇਹ ਤੱਤ ਉਭਾਰਿਆ ਸੀ ਕਿ **"ਕਿਸੇ ਵੀ ਮਜ਼ਲੂਮ ਕੌਮ ਦਾ ਬੁਰਜੂਆ ਕੌਮਵਾਦ ਆਮ ਜਮਹੂਰੀ ਤੱਤ ਰੱਖਦਾ ਹੁੰਦਾ ਹੈ ਜਿਹੜਾ ਕਿ ਜਬਰ ਖਿਲਾਫ਼ ਸੇਧਤ ਹੁੰਦਾ ਹੈ, ਅਤੇ ਇਹੀ ਤੱਤ ਹੈ ਜਿਸਦੀ ਅਸੀਂ ਬਿਨਾਂ ਸ਼ਰਤ ਹਿਮਾਇਤ ਕਰਦੇ ਹਾਂ।"** (ਲੈਨਿਨ ਵਲੋਂ 'ਬਿਨਾ ਸ਼ਰਤ' ਸ਼ਬਦ ਉਤੇ ਖਾਸ ਤੌਰ 'ਤੇ ਜ਼ੋਰ ਦਿੱਤਾ ਗਿਆ ਸੀ।) ਜਦ ਕਿ ਜਾਬਰ ਕੌਮ ਦਾ ਕੌਮਵਾਦ ਮਜ਼ਲੂਮ ਕੌਮਾਂ 'ਤੇ ਕੌਮੀ ਜਬਰ ਤੇ ਧੱਕੇ-ਸ਼ਾਹੀ ਦਾ ਸੰਦ ਬਣਦਾ ਹੈ।

ਲੈਨਿਨ ਦੀ ਇਕ ਐਡੀ ਅਹਿਮ ਪੋਜ਼ੀਸ਼ਨ (ਜਿਸਦੀ ਅਜੋਕੇ ਪਰਸੰਗ ਅੰਦਰ ਸਾਡੇ ਲਈ ਭਾਰੀ ਅਹਿਮੀਅਤ ਬਣੀ ਹੋਈ ਹੈ) ਬਾਰੇ ਬਹੁਤ ਸਾਰੇ ਗਰੁੱਪਾਂ ਵਲੋਂ ਸਾਧੀ ਹੋਈ ਚੁੱਪ ਬਹੁਤ ਹੀ ਮੰਦਭਾਗੀ ਹੈ। ਉਹਨਾਂ ਇਸਨੂੰ ਦਰੁਸਤ ਸਮਝਕੇ ਇਸਤੋਂ ਲਾਹੇਵੰਦ ਸਬਕ ਕੱਢਣ ਲਈ ਤਿਆਰ ਹਨ ਅਤੇ ਨਾ ਹੀ ਉਹਨਾਂ ਪੱਲੇ ਇਸਨੂੰ ਗਲਤ ਕਰਾਰ ਦੇਣ ਦੀ ਸਿਧਾਂਤਕ ਜੁਰਅਤ ਤੇ ਈਮਾਨਦਾਰੀ ਹੈ ਜਿਸਦਾ ਕਿ ਰੋਜ਼ਾ ਲਕਜ਼ਮ ਬਰਗ ਇਕ ਮੁਜੱਸਮ ਸੀ।

ਇਸ ਬਹਿਸ ਦਾ ਮੁਤਾਲਿਆ ਕਰਦਿਆਂ ਹੀ ਠੋਸ ਰੂਪ 'ਚ ਕੁੱਝ ਅਜਿਹੀਆਂ ਮਿਸਾਲਾਂ ਸਾਹਮਣੇ ਆਈਆਂ, ਜਿਹੜੀਆਂ ਸਾਨੂੰ ਦਰਪੇਸ਼ ਹਾਲਤ ਨਾਲ, ਹੈਰਾਨੀ ਦੀ ਹੱਦ ਤਕ ਮੇਲ ਖਾਂਦੀਆਂ ਹਨ। ਉਦਾਹਰਣ ਵਜੋਂ, ਇਸ ਸਦੀ ਦੇ ਪਹਿਲੇ ਦਹਾਕੇ ਦੌਰਾਨ ਰੂਸੀ ਕਬਜ਼ੇ ਹੇਠਲੇ ਪੋਲੈਂਡ ਅੰਦਰ, ਪੋਲੈਂਡ ਦੇ 'ਸੌੜੇ ਕੌਮਵਾਦੀਆਂ' ਨੇ 'ਤਾਮਿਲ ਟਾਈਗਰਜ਼', 'ਭਿੰਡਰਾਂ ਵਾਲੇ ਟਾਈਗਰਜ਼' ਅਤੇ ਸੈਫਰਨ ਟਾਈਗਰਜ਼' ਆਦਿ ਦੀ ਤਰਜ਼ 'ਤੇ ਇਕ 'ਪੋਲਿਸ਼ ਫੈਲਕਨ' (ਪੋਲਿਸ਼ ਬਾਜ) ਨਾਂ ਦੀ ਦਹਿਸ਼ਤ ਗਰਦ ਜਥੇਬੰਦੀ ਬਣਾਈ ਹੋਈ ਸੀ, ਜਿਹੜੇ ਪੋਲੈਂਡ ਦੀ ਅਲਹਿਦਗੀ ਦਾ ਵਿਰੋਧ ਕਰ ਰਹੇ, ਕਮਿਊਨਿਸਟ ਕਾਰਕੁੰਨਾਂ ਨੂੰ 'ਬਦੇਸ਼ੀ ਏਜੰਟ' ਤੇ ਗ਼ੱਦਾਰ ਕਹਿ ਕੇ ਆਪਣੀਆਂ ਕਾਤਲਾਨਾ ਗੋਲੀਆਂ ਦਾ ਨਿਸ਼ਾਨਾ ਬਣਾਉਂਦੀ ਸੀ। ਕਮਿਊਨਿਸਟਾਂ ਵਲੋਂ ਮਜ਼ਦੂਰਾਂ ਦੀ ਹੜਤਾਲ ਮੌਕੇ, ਇਹ ਦਹਿਸ਼ਤ ਗਰਦ ਜਥੇਬੰਦੀ ਬੰਦੂਕ ਦੇ ਜ਼ੋਰ ਹੜਤਾਲਾਂ ਤੁੜਾਉਣ ਵਰਗੀਆਂ ਪਿਛਾਖੜੀ ਕਾਰਵਾਈਆਂ ਵੀ ਕਰਦੀ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਮੈਨੂੰ ਅਜਿਹਾ ਕੋਈ ਸਬੂਤ ਜਾਂ ਉਦਾਹਰਣ ਨਹੀਂ ਮਿਲਿਆ, ਜਦੋਂ ਪੋਲੈਂਡ ਦੇ ਕਮਿਊਨਿਸਟਾਂ ਨੇ ਆਪਣੀ ਲੜਾਈ ਦੀ ਧਾਰ ਨੂੰ ਜ਼ਾਰਸ਼ਾਹੀ ਤੋਂ ਲਾਂਭੇ ਕਰਕੇ ਇਹਨਾਂ ਕੱਟੜ ਦਹਿਸ਼ਤਗਰਦਾਂ ਖਿਲਾਫ਼ ਹੀ ਸੇਧਤ ਕਰ ਦਿੱਤਾ ਹੋਵੇ। ਇਹਨਾਂ "ਸੌੜੇ ਕੌਮਵਾਦੀਆਂ" ਖਿਲਾਫ਼ ਤਿੱਖੀ ਵਿਚਾਰਧਾਰਕ ਤੇ ਸਿਆਸੀ ਜੱਦੋ ਜਹਿਦ ਦੇ ਬਾਵਜੂਦ ਉਹਨਾਂ ਆਪਣੇ ਅਮਲੀ ਸੰਘਰਸ਼ ਨੂੰ ਰੂਸੀ ਸਟੇਟ ਖਿਲਾਫ਼ ਹੀ ਸੇਧਤ ਰਖਿਆ। ਸੋ ਇਸ ਪੱਖੋਂ ਦੇਖਿਆ ਸਾਨੂੰ ਕੋਈ ਅਸਲੋਂ ਹੀ ਨਵੀਂ ਤੇ ਵਿਲੱਖਣ ਹਾਲਤ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਹੋਰਨਾਂ

ਥਾਵਾਂ ਉਤੇ ਵੀ ਕਮਿਊਨਿਸਟਾਂ ਨੂੰ ਅਜਿਹੇ ਗਲਤ ਰੁਝਾਨਾਂ ਤੇ ਕੁਰਾਹਿਆਂ ਖਿਲਾਫ਼ ਭਿੜਨਾ ਪੈਂਦਾ ਰਿਹਾ ਹੈ। ਪਰ ਕਿਉਂਕਿ ਉਹ ਆਪਣੇ ਸਟੇਟ ਨੂੰ ਉਲਟਾਉਣ ਦੇ ਇਨਕਲਾਬੀ ਕਾਰਨ ਪ੍ਰਤੀ ਸੱਚੇ ਤੇ ਇਮਾਨਦਾਰ ਸਨ ਇਸ ਲਈ ਉਹਨਾਂ ਆਪਣੀ ਲੜਾਈ ਨੂੰ ਅਮਲੀ ਨਿਸ਼ਾਨੇ ਤੋਂ ਲਾਂਭੇ ਨਹੀਂ ਜਾਣ ਦਿੱਤਾ। ਪਰ ਘਟੋ ਘਟ ਇਥੇ ਕੁਝ ਗਰੁੱਪਾਂ ਦੇ ਮਾਮਲੇ ਵਿਚ ਉਹਨਾਂ ਦੀ ਈਮਾਨਦਾਰੀ 'ਤੇ ਹੀ ਸ਼ੱਕ ਜਿਹਾ ਖੜਾ ਹੁੰਦਾ ਹੈ। ਨਹੀਂ ਤਾਂ ਉਹਨਾਂ ਲਈ ਲੈਨਿਨ ਦੀਆਂ ਲਿਖਤਾਂ ਅਪਹੁੰਚ ਨਹੀਂ ਹਨ।

ਗੁਰਬਚਨ ਸਿੰਘ ਜਲੰਧਰ

o

## o ਖਾਲਸਤਾਨੀ ਦਹਿਸ਼ਤ ਗਰਦੀ ਪ੍ਰਤੀ ਰਵੱਈਏ ਦਾ ਸੁਆਲ—ਕੌਣ ਕਿਥੇ ਖੜਾ ਹੈ

**ਜਸਪਾਲ ਜੱਸੀ**

ਜਸਪਾਲ ਜੱਸੀ ਹੋਰਾਂ ਦੀ ਇਕ ਲਿਖਤ ਦੋ ਭਾਗਾਂ ਵਿਚ ਸਾਨੂੰ ਮਿਲੀ ਹੈ। ਥਾਂ ਦੀ ਥੁੜ ਕਰਕੇ ਅਸੀਂ ਇਸਦੇ ਦੂਜੇ ਭਾਗ ਨੂੰ ਹੀ ਛਾਪ ਰਹੇ ਹਾਂ ਕਿਉਂਕਿ ਇਹ ਚਲਦੀ ਬਹਿਸ ਨੂੰ ਸਾਰਥਕ ਤੌਰ 'ਤੇ ਅਗੇ ਲਿਜਾਂਦੀ ਹੈ।

—ਸੰਪਾਦਕ

ਹੁਣ ਅਸੀਂ ਸਾਥੀ ਗੁਰਸ਼ਰਨ ਸਿੰਘ ਹੁਰਾਂ ਨਾਲ ਚੱਲ ਰਹੀ ਬਹਿਸ ਵੱਲ ਪਰਤਦੇ ਹਾਂ। ਅਸੀਂ ਦੋ ਪੱਖਾਂ ਤੋਂ ਗੱਲ ਕਰਾਂਗੇ। ਇਕ ਅਪਰੈਲ ਅੰਕ 'ਚ ਛਪੀ ਸਾਡੀ ਟਿੱਪਣੀ ਦੇ ਜੁਆਬ 'ਚ ਸਾਥੀ ਗੁਰਸ਼ਰਨ ਸਿੰਘ ਹੁਰਾਂ ਦੇ ਸਪਸ਼ਟੀਕਰਨ ਬਾਰੇ ਸਾਡੇ ਵਿਚਾਰ ਕੀ ਹਨ, ਦੂਜਾ, ਉਨ੍ਹਾਂ ਵਲੋਂ ਸਾਡੇ ਬਾਰੇ ਕੀਤੀਆਂ ਟਿੱਪਣੀਆਂ ਸੰਬੰਧੀ ਸਾਡੇ ਵਿਚਾਰ ਕੀ ਹਨ। ਪਹਿਲਾਂ ਪਿਛਲੇ ਪੱਖ ਬਾਰੇ ਕੁਝ ਗੱਲ ਕਰ ਲਈਏ।

'ਸਾਥੀ ਗੁਰਸ਼ਰਨ ਸਿੰਘ ਹੁਰਾਂ ਦਾ ਕਹਿਣਾ ਹੈ:

"ਸਾਡੀ ਇਨਕਲਾਬੀ ਧਿਰ ਦੇ ਬਹੁਤੇ ਕਾਰਕੁਨ, ਭਾਰਤ ਵਿਚ ਜੋ ਸਿਆਸੀ ਵਰਤਾਰਾ ਚੱਲ ਰਿਹਾ ਹੈ, ਉਸਤੋਂ ਅਲੱਗ-ਥਲੱਗ ਹੋ ਕੇ ਆਪਣੇ ਸਿਧਾਂਤ ਦੇ ਸਹੀਪੁਣੇ ਦੇ ਨਸ਼ੇ 'ਚ ਗਲਤਾਨ ਇਨਕਲਾਬੀ ਦੁਮਗਜਿਆਂ ਨਾਲ ਆਪਣੀ ਵਕਤ-ਕਟੀ ਕਰਨਾ ਚਾਹੁੰਦੇ ਹਨ। ਅਸਲੀਅਤ ਕੀ ਹੈ, ਉਹਨਾਂ ਦੀ ਤਾਕਤ ਕੀ ਹੈ, ਲੋਕਾਂ ਦੀ ਚੇਤਨਾ ਕਿਸ ਪੱਧਰ 'ਤੇ ਹੈ, ਉਹਨਾਂ ਦਾ ਉਹਦੇ ਨਾਲ ਕੋਈ ਸੰਬੰਧ ਨਹੀਂ ਲਗਦਾ। ਜਸਪਾਲ ਜੱਸੀ ਦੀ ਲਿਖਤ ਉਸੇ ਮਾਨਸਕਤਾ ਦੀ ਦੇਣ ਹੈ...ਇਨਕਲਾਬੀ ਯਥਾਰਥਵਾਦੀ ਹੁੰਦੇ ਹਨ, ਰੁਮਾਂਸਵਾਦੀ ਨਹੀਂ ਹੁੰਦੇ।"

ਗੁਰਸ਼ਰਨ ਸਿੰਘ ਹੁਰਾਂ ਦੀ ਇਸ ਟਿੱਪਣੀ ਨੇ (ਜੋ ਉਹਨਾਂ ਮੁਤਾਬਕ ਇਨਕਲਾਬੀ ਧਿਰ ਦੇ ਬਹੁਤੇ ਕਾਰਕੁਨਾਂ ਤੇ ਲਾਗੂ ਹੁੰਦੀ ਹੈ) ਸਾਨੂੰ ਬੜੀ ਕਸੂਤੀ ਹਾਲਤ ਵਿਚ ਫਸਾ ਦਿੱਤਾ ਹੈ। ਉਪਰੋਕਤ ਵਿਚਾਰਾਂ ਤੇ ਸਾਨੂੰ ਕੋਈ ਗਿਲਾ ਨਹੀਂ ਸੀ ਹੋਣਾ ਜੇ ਉਹਨਾਂ ਨੇ ਬਾਦਲੀਲ ਢੰਗ ਨਾਲ ਇਹਨਾਂ ਦੀ ਪੁਸ਼ਟੀ ਕੀਤੀ ਹੁੰਦੀ। ਕੋਈ ਵੀ ਵਿਚਾਰ ਰੱਖਣ ਤੇ ਪ੍ਰਗਟ ਕਰਨ ਦਾ ਉਹਨਾਂ ਨੂੰ ਹੱਕ ਹੈ। ਪਰ ਸਾਡੇ ਲਈ ਮੁਸ਼ਕਲ ਇਹ ਹੈ ਕਿ ਅਸੀਂ ਉਹਨਾਂ ਨਾਲ ਵਿਚਾਰ-ਵਟਾਂਦਰਾ ਕਿਹੜੇ ਆਧਾਰ 'ਤੇ ਕਰੀਏ। ਜੇ ਉਹਨਾਂ ਨੇ ਕੋਈ ਦਲੀਲਾਂ ਦਿੱਤੀਆਂ ਹੁੰਦੀਆਂ ਤਾਂ ਦਰੁਸਤ ਲੱਗਣ ਦੀ ਹਾਲਤ 'ਚ ਕਬੂਲ ਕੀਤੀਆਂ ਜਾ ਸਕਦੀਆਂ ਸਨ ਅਤੇ ਗਲਤ ਲੱਗਣ ਦੀ ਹਾਲਤ 'ਚ ਮੋੜਵੀਆਂ ਦਲੀਲਾਂ ਨਾਲ ਕਾਟ ਕੀਤੀਆਂ ਜਾ ਸਕਦੀਆਂ ਸਨ। ਰੁਮਾਂਸਵਾਦ ਜਾਂ ਇਨਕਲਾਬੀ ਦੁਮਗਜਿਆਂ ਨਾਲ ਸਾਨੂੰ ਕੋਈ ਮੋਹ ਨਹੀਂ। ਅਸੀਂ ਸੱਚੀਓਂ ਹੀ ਬਹੁਤ ਧੰਨਵਾਦੀ ਹੋਈਏ ਜੇ ਕੋਈ ਇਹਨਾਂ ਨਿੱਕ-ਬੁਰਜੂਆ ਬੁਰਾਈਆਂ ਦੀ ਸਾਡੇ ਅੰਦਰ ਮੌਜੂਦਗੀ ਦਾ ਸਾਨੂੰ ਬਾਦਲੀਲ ਅਹਿਸਾਸ ਕਰਵਾਕੇ ਇਹਨਾਂ ਨੂੰ ਦੂਰ ਕਰਨ 'ਚ ਮਦਦ ਕਰ ਸਕੇ। ਪਰ ਸਾਥੀ ਗੁਰਸ਼ਰਨ ਸਿੰਘ ਹੁਰਾਂ ਨੇ ਸਿਰਫ ਟਿੱਪਣੀਆਂ ਹੀ ਕੀਤੀਆਂ ਹਨ, ਉਹਨਾਂ ਦਾ ਆਧਾਰ ਨਹੀਂ ਦਿੱਤਾ। ਅਸੀਂ ਸਿਧਾਂਤ ਦੇ ਸਹੀਪੁਣੇ ਦੇ ਨਸ਼ੇ 'ਚ ਗਲਤਾਨ ਹਾਂ—ਦਲੀਲ ਕੋਈ ਨਹੀਂ। ਭਾਰਤ 'ਚ ਚੱਲ ਰਹੇ ਸਿਆਸੀ ਵਰਤਾਰੇ ਤੋਂ ਅਲੱਗ-ਥਲੱਗ ਹੋਕੇ ਇਨਕਲਾਬੀ ਦੁਮਗਜਿਆਂ ਨਾਲ ਵਕਤ-ਕਟੀ ਕਰਨਾ ਚਾਹੁੰਦੇ ਹਾਂ—ਦਲੀਲ ਕੋਈ ਨਹੀਂ। ਅਸਲੀਅਤ, ਸਾਡੀ ਤਾਕਤ, ਲੋਕਾਂ ਦੀ ਚੇਤਨਾ ਪੱਧਰ ਨਾਲ ਸਾਡਾ ਕੋਈ ਸੰਬੰਧ ਨਹੀਂ ਲਗਦਾ—ਦਲੀਲ ਜਾਂ ਤੱਥ ਕੋਈ ਨਹੀਂ। ਅਸੀਂ ਇਨਕਲਾਬੀ ਯਥਾਰਥਵਾਦੀ ਨਹੀਂ, ਰੁਮਾਂਸਵਾਦੀ ਹਾਂ—ਦਲੀਲ ਕੋਈ ਨਹੀਂ।

ਸੋ ਅਸੀਂ ਇਹਨਾਂ ਟਿੱਪਣੀਆਂ ਬਾਰੇ ਹਾਲ ਦੀ ਘੜੀ ਕੁਝ ਵੀ ਕਹਿਣ ਦੀ ਹਾਲਤ 'ਚ ਨਹੀਂ ਹਾਂ। ਅਸੀਂ ਉਡੀਕ ਕਰਾਂਗੇ ਕਿ ਸਾਥੀ ਗੁਰਸ਼ਰਨ ਸਿੰਘ ਹੁਰੀਂ ਇਹਨਾਂ ਨੂੰ ਆਧਾਰ ਮੁਹੱਈਆ ਕਰਨ ਲਈ ਕੋਈ ਦਲੀਲਾਂ ਜਾਂ ਤੱਥ ਪੇਸ਼ ਕਰਨ ਤਾਂ ਜੁ ਅਸੀਂ ਕੁਝ ਕਹਿਣ ਦੀ ਹਾਲਤ 'ਚ ਹੋ ਸਕੀਏ।

ਆਓ, ਹੁਣ ਉਹਨਾਂ ਸੁਆਲਾਂ ਦੀ ਚਰਚਾ ਕਰੀਏ

ਜਿਹੜੇ ਸਾਡੇ ਤੇ ਸਾਥੀ ਗੁਰਸ਼ਰਨ ਸਿੰਘ ਹੁਰਾਂ ਦਰਮਿਆਨ ਬਹਿਸ ਦਾ ਮਸਲਾ ਹਨ।

ਆਪਸੀ ਮੱਤਭੇਦਾਂ ਦਾ ਇਕ ਸੁਆਲ ਇਹ ਹੈ ਕਿ ਕੀ ਅੱਜ ਖਾਲਸਤਾਨੀ ਦਹਿਸ਼ਤਗਰਦੀ ਅਤੇ ਹਕੂਮਤੀ ਦਹਿਸ਼ਤਗਰਦੀ ਦੋਹਾਂ ਦੇ ਖਿਲਾਫ ਸੰਘਰਸ਼ ਦੀ ਲੋੜ ਹੈ ਜਾਂ ਸਿਰਫ ਹਕੂਮਤੀ ਦਹਿਸ਼ਤਗਰਦੀ ਖਿਲਾਫ ਹੀ ਸੰਘਰਸ਼ ਕੀਤਾ-ਜਾਣਾ- ਚਾਹੀਦਾ ਹੈ। ਗੁਰਸ਼ਰਨ-ਸਿੰਘ ਹੁਰਾ ਦਾ ਮੱਤ ਹੈ ਕਿ ਸੰਘਰਸ਼ ਸਿਰਫ ਹਕੂਮਤੀ ਦਹਿਸ਼ਤਗਰਦੀ ਖਿਲਾਫ ਹੋਣਾ ਚਾਹੀਦਾ ਹੈ—ਖਾਲਸਤਾਨੀ ਦਹਿਸ਼ਤਗਰਦੀ ਸੰਬੰਧੀ ਸਾਨੂੰ ਸਿਰਫ ਨਿਖੇਧੀ ਕਰਨ ਤੋਂ ਉਹਨਾਂ ਖਿਲਾਫ ਲੋਕ-ਰਾਇ ਲਾਮਬੰਦ ਕਰਨ ਤੱਕ ਸੀਮਤ ਰਹਿਣਾ ਚਾਹੀਦਾ ਹੈ।

ਅਸੀਂ ਆਪਣੀ ਲਿਖਤ 'ਚ ਇਹ ਸੁਆਲ ਉਭਾਰਿਆ ਸੀ ਕਿ ਲੋਕਾਂ ਦੇ ਜਮਹੂਰੀ ਹੱਕਾਂ, ਜ਼ਿੰਦਗੀਆਂ ਤੇ ਜਾਨ ਮਾਲ ਉਪੱਰ ਝਪਟ ਰਹੇ ਖਾਲਸਤਾਨੀਆਂ ਖਿਲਾਫ ਸੰਘਰਸ਼ ਕੀਤੇ ਬਿਨਾਂ ਲੋਕਾਂ ਲਈ ਆਪਣੀ ਰਾਖੀ ਕਰਨੀ ਕਿਵੇਂ ਸੰਭਵ ਹੈ ? ਨਾਲ ਹੀ, ਅਸੀਂ ਸਾਥੀ ਗੁਰਸ਼ਰਨ ਸਿੰਘ ਹੁਰਾਂ ਵੱਲੋਂ ਹਕੂਮਤੀ ਤੇ ਖਾਲਸਤਾਨੀ ਦਹਿਸ਼ਤਗਰਦੀ ਖਿਲਾਫ ਵੱਖੋ-ਵੱਖਰੇ ਪੈਂਤੜੇ ਲੈਣ ਖਾਤਰ ਪੇਸ਼ ਕੀਤੇ ਆਧਾਰ ਨੂੰ ਚੁਣੌਤੀ ਦਿੱਤੀ ਸੀ। ਉਹਨਾਂ ਦਾ ਆਧਾਰ ਇਹ ਸੀ ਕਿ ਪੰਜਾਬ 'ਚ ਹੋ ਰਹੀ ਕਤਲੋਗਾਰਤ "ਸੌ ਫੀਸਦੀ ਭਾਰਤੀ ਸਟੇਟ ਦੀ ਹੀ ਦੇਣ" ਹੈ। ਇਸਤੋਂ ਉਨਾਂ ਦਾ ਸਪਸ਼ਟ ਅਰਥ ਇਹ ਸੀ ਕਿ ਇਸ 'ਚ ਖਾਲਸਤਾਨੀ ਦਹਿਸ਼ਤਗਰਦਾਂ ਦੀ ਇਕ ਫੀਸਦੀ ਵੀ ਜੁੰਮੇਵਾਰੀ ਨਹੀਂ ਹੈ। ਇਹ ਗੱਲ ਉਨ੍ਹਾਂ ਦੀਆਂ ਅਗਲੀਆਂ ਸਤਰਾਂ ਤੋਂ ਐਨ ਜ਼ਾਹਰ ਹੁੰਦੀ ਸੀ ਜਿਸ 'ਚ ਉਹ ਕਹਿੰਦੇ ਸਨ ਕਿ "ਖਾਲਸਤਾਨੀ ਦਹਿਸ਼ਤਗਰਦੀ ਤੇ ਹਕੂਮਤੀ ਦਹਿਸ਼ਤਗਰਦੀ ਨੂੰ ਇੱਕੋ ਪੱਧਰ 'ਤੇ ਨਹੀਂ ਲਿਆ ਜਾ ਸਕਦਾ। ਹਕੂਮਤੀ ਦਹਿਸ਼ਤਗਰਦੀ ਭਾਰਤੀ ਸਟੇਟ ਦਾ ਅਟੁੱਟਵਾਂ ਅੰਗ ਹੈ ਜਦੋਂ ਕਿ ਖਾਲਸਤਾਨੀ ਦਹਿਸ਼ਤਗਰਦੀ ਇਸ ਸਟੇਟ ਦੇ ਅਮਲ ਦਾ ਪ੍ਰਤੀਕਰਮ ਹੈ ਸਟੇਟ ਦਹਿਸ਼ਤਗਰਦੀ ਦੇ ਜ਼ੁੰਮੇਵਾਰਾਂ ਨੂੰ ਸਰਕਾਰੇ-ਦਰਬਾਰੇ ਇਨਾਮ ਮਿਲਦੇ ਹਨ ਜਦੋਂ ਕਿ ਖਾਲਸਤਾਨੀ ਦਹਿਸ਼ਤਗਰਦੀ ਲਈ ਇਨਾਮ ਹੋਰ ਕਿਸਮ ਦੇ ਹਨ।"

ਅਸੀਂ ਸਾਥੀ ਗੁਰਸ਼ਰਨ ਸਿੰਘ ਹੁਰਾਂ ਵਲੋਂ ਪੇਸ਼ ਕੀਤੇ ਇਸ ਆਧਾਰ ਨੂੰ ਰੱਦ ਕਰਨ ਲਈ ਕੁਝ ਮਾਰਕਸ-ਵਾਦੀ ਧਾਰਨਾਵਾਂ ਨੂੰ ਆਧਾਰ ਬਣਾਇਆ ਸੀ। ਮਿਸਾਲ ਵਜੋਂ, ਇਕ ਧਾਰਨਾ ਇਹ ਸੀ ਕਿ ਕਿਸੇ ਸਮਾਜਕ ਤਾਕਤ ਦੀਆਂ ਕਾਰਵਾਈਆਂ ਦੀ ਖਸਲਤ ਨੂੰ, ਇਥੋਂ ਤੱਕ ਕਿ ਕਿਸੇ ਵਰਤਾਰੇ ਪ੍ਰਤੀ ਉਸਦੇ ਪ੍ਰਤੀਕਰਮ ਦੀ ਖਸਲਤ ਨੂੰ ਵੀ, ਉਸਦਾ ਜਮਾਤੀ-ਸਿਆਸੀ ਕਿਰਦਾਰ ਫੈਸਲਾਕੁਨ ਤੌਰ 'ਤੇ ਨਿਰਧਾਰਤ ਕਰਦਾ ਹੈ; ਇਕ ਧਾਰਨਾ ਇਹ ਸੀ ਕਿ ਕਿਸੇ ਸਮਾਜਕ ਸ਼ਕਤੀ ਖਿਲਾਫ ਸੰਘਰਸ਼ ਦੀ ਲੋੜ ਹੋਣ-ਜਾਂ ਨਾ ਹੋਣਾ ਇਸਦੇ ਹਕੂਮਤੀ ਜਬਰ ਦੇ ਸ਼ਿਕਾਰ ਹੋਣ ਜਾਂ ਨਾ ਹੋਣ ਤੋਂ ਨਿਰਧਾਰਤ ਨਹੀਂ ਹੁੰਦਾ ਸਗੋਂ ਲੋਕ-ਹਿਤਾਂ ਨਾਲ ਇਸਦੇ ਰਿਸ਼ਤੇ ਅਤੇ ਇਸ ਵੱਲੋਂ ਨਿਭਾਏ ਜਾ ਰਹੇ ਸਮਾਜਕ ਰੋਲ ਤੋਂ ਨਿਰਧਾਰਤ ਹੁੰਦਾ ਹੈ। ਇਕ ਧਾਰਨਾ ਇਹ ਸੀ ਕਿ ਕਿਸੇ ਸ਼ਕਤੀ ਖਿਲਾਫ ਹਕੂਮਤ ਵੱਲੋਂ ਬੋਲਿਆ ਹੱਲਾ ਇਸਦੇ ਕਿਰਦਾਰ ਅਤੇ ਰੋਲ ਦੇ ਲੋਕ-ਦੁਸ਼ਮਣ ਨਾ ਹੋਣ ਦਾ ਸੰਕੇਤ ਨਹੀਂ ਬਣਦਾ। ਇਹਨਾਂ ਧਾਰਨਾਵਾਂ ਨੂੰ ਅਤੇ ਇਨਕਲਾਬੀ ਲਹਿਰ ਵਿਰੋਧੀ ਸੇਧੀਆਂ ਖਾਲਸਤਾਨੀ ਦਹਿਸ਼ਤਗਰਦਾਂ ਦੀਆਂ ਫਾਸ਼ੀ ਕਾਰਵਾਈਆਂ ਨੂੰ ਆਧਾਰ ਬਣਾਉਂਦਿਆਂ ਅਸੀ ਇਹ ਨਤੀਜਾ ਪੇਸ਼ ਕੀਤਾ ਸੀ ਕਿ ਹਕੂਮਤੀ ਦਹਿਸ਼ਤਗਰਦੀ ਖਾਲਸਤਾਨੀ ਦਹਿਸ਼ਤਗਰਦੀ ਦੇ ਵਧਣ-ਫੁੱਲਣ ਲਈ ਤਾਂ ਜ਼ੁੰਮੇਵਾਰ ਹੈ ਪਰ ਇਸਨੂੰ ਪੈਦਾ ਕਰਨ ਵਾਲਾ ਕਾਰਨ ਨਹੀਂ ਹੈ ਸਗੋਂ ਖਾਲਸਤਾਨੀ ਦਹਿਸ਼ਤਗਰਦਾਂ ਦੀਆਂ ਫਿਰਕੂ-ਫਾਸ਼ੀ ਕਾਰਵਾਈਆਂ ਉਹਨਾਂ ਦੇ ਫਿਰਕੂ-ਫਾਸ਼ੀ ਕਿਰਦਾਰ ਦੀ ਪੈਦਾਵਾਰ ਹਨ। ਅਮਲੀ ਪੱਧਰ 'ਤੇ ਇਸਨੂੰ ਸਾਬਤ ਕਰਨ ਲਈ ਅਸੀਂ ਇਹ ਦਲੀਲ ਦਿੱਤੀ ਸੀ ਕਿ ਖਾਲਸਤਾਨੀ ਦਹਿਸ਼ਤਗਰਦਾਂ ਵੱਲੋਂ ਨਿਰਦੋਸ਼ ਲੋਕਾਂ ਦੀ ਕਤਲੋਗਾਰਤ ਉਦੋਂ ਤੋਂ ਜਾਰੀ ਹੈ ਜਦੋਂ ਉਹਨਾਂ ਨੂੰ ਨਾ ਸਿਰਫ ਕਿਸੇ ਵਿਸ਼ੇਸ਼ ਹਕੂਮਤੀ ਜਬਰ ਦਾ ਸਾਹਮਣਾ ਨਹੀਂ ਸੀ ਸਗੋਂ ਗੁੱਝੀ ਹਕੂਮਤੀ ਸ਼ਹਿ ਤੇ ਹਮਾਇਤ ਹਾਸਲ ਸੀ।

ਸਾਥੀ ਗੁਰਸ਼ਰਨ ਸਿੰਘ ਹੁਰਾਂ ਨੇ ਤਾਂ ਸਾਡੀਆਂ ਉਪਰੋਕਤ ਧਾਰਨਾਵਾਂ ਨੂੰ ਦੋ-ਟੁੱਕ ਰੂਪ 'ਚ ਰੱਦ ਕੀਤਾ ਹੈ, ਨਾ ਇਹਨਾਂ ਨੂੰ ਖਾਲਸਤਾਨੀ ਦਹਿਸ਼ਤਗਰਦਾਂ ਦੇ ਕਿਰਦਾਰ, ਉਹਨਾਂ ਨਾਲ ਇਨਕਲਾਬੀ ਲਹਿਰ ਦੇ ਰਿਸ਼ਤੇ ਅਤੇ ਉਹਨਾਂ ਖਿਲਾਫ ਸੰਘਰਸ਼ ਦੀ ਲੋੜ ਬਾਰੇ ਨਿਰਣਾ ਕਰਨ ਲਈ ਆਧਾਰ ਬਣਾਇਆ ਹੈ।

ਪਰ ਇਹਦੇ ਬਾਵਜੂਦ, ਸਾਥੀ ਗੁਰਸ਼ਰਨ ਸਿੰਘ ਹੁਰਾਂ ਨੇ ਕੁਝ ਅਜਿਹੇ ਇਕਬਾਲ ਕੀਤੇ ਹਨ ਜੋ ਉਹਨਾਂ ਵਲੋਂ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਦੀ ਲੋੜ ਬਾਰੇ ਅਤੇ ਇਸ ਦਹਿਸ਼ਤਗਰਦੀ ਦੇ ਪੈਦਾ ਹੋਣ ਦੇ ਕਾਰਨਾਂ ਬਾਰੇ ਪੇਸ਼ ਕੀਤੇ ਵਿਚਾਰ ਨੂੰ ਰੱਦ ਕਰਦੇ ਹਨ ਅਤੇ ਸਾਡੀ ਗੱਲ ਦੀ ਪੁਸ਼ਟੀ ਕਰਦੇ ਹਨ। ਉਹ ਕਹਿੰਦੇ ਹਨ ਕਿ ਖਾਲਸਤਾਨੀ ਲਹਿਰ ਦਾ "ਭਾਰੂ ਅੰਸ਼ ਧਾਰਮਕ ਕੱਟੜਵਾਦੀ ਸਟੇਟ ਦੇ ਸੰਕਲਪ ਦਾ ਹੈ"

ਜੋ "ਬੁਨਿਆਦੀ ਤੌਰ 'ਤੇ ਫਾਸ਼ੀ ਰੁਚੀਆਂ ਨੂੰ ਜਨਮ ਦਿੰਦੀ ਹੈ, ਜੋ ਦੂਜਿਆਂ ਦੇ ਜੀਣ ਦੇ ਹੱਕ 'ਤੇ ਛਾਪਾ ਮਾਰਦੀਆਂ ਹਨ।" ਇਹ ਇਸ ਹਕੀਕਤ ਦਾ ਇਕਬਾਲ ਹੀ ਹੈ ਕਿ ਲੋਕਾਂ ਲਈ ਆਪਣੇ ਜੀਣ ਦੇ ਹੱਕ 'ਤੇ ਛਾਪਾ ਮਾਰਦੀਆਂ ਹਨ।" ਇਹ ਇਸ ਹਕੀਕਤ ਦਾ ਇਕਬਾਲ ਹੀ ਹੈ ਕਿ ਲੋਕਾਂ ਲਈ ਆਪਣੇ ਜੀਣ ਦੇ ਹੱਕ 'ਤੇ ਖਾਲਸਤਾਨੀ ਦਹਿਸ਼ਤਗਰਦਾਂ ਵਲੋਂ ਵਾਰੇ ਜਾ ਰਹੇ ਛਾਪੇ ਤੋਂ ਰਾਖੀ ਦਾ ਹਕੀਕੀ ਸੁਆਲ ਮੌਜੂਦ ਹੈ।

ਉਹ ਇਹ ਕਹਿਕੇ ਖਾਲਸਤਾਨੀ ਦਹਿਸ਼ਤਗਰਦਾਂ ਦੀਆਂ ਕਾਰਵਾਈਆਂ ਨੂੰ ਇਸ ਲਹਿਰ ਦੇ ਸੁਭਾਵਕ ਲੱਛਣ ਵਜੋਂ ਸਵੀਕਾਰ ਕਰਦੇ ਹਨ ਕਿ "ਖਾਲਸਤਾਨੀ ਲਹਿਰ ਇਕ ਧਾਰਮਕ ਕੱਟੜਤਾ ਦੀ ਲਹਿਰ ਹੈ ਜਿਸਦਾ ਫਾਸ਼ੀ ਤੇ ਤਾਨਾਸ਼ਾਹੀ ਹੋਣਾ ਸੁਭਾਵਕ ਹੈ। ਇਹ ਗੱਲ ਪਾਕਿਸਤਾਨ, ਈਰਾਨ, ਇਜ਼ਰਾਈਲ ਦੀਆਂ ਮਿਸਾਲਾਂ ਲੈ ਕੇ ਵੇਖੀ ਜਾ ਸਕਦੀ ਹੈ।" ਸੁਆਲ ਇਹ ਉੱਠਦਾ ਹੈ ਕਿ "ਫਾਸ਼ੀ" ਅਤੇ "ਤਾਨਾਸ਼ਾਹੀ" ਹੋਣਾ ਜਿਸ ਲਹਿਰ ਦਾ "ਸੁਭਾਵਕ" ਲੱਛਣ ਹੈ, ਉਸ ਦੀਆਂ ਫਾਸ਼ੀ ਅਤੇ ਦਹਿਸ਼ਤਗਰਦ ਕਾਰਵਾਈਆਂ ਨੂੰ ਨਿਰਾ ਹਕੂਮਤੀ ਦਹਿਸ਼ਤਗਰਦ ਕਾਰਵਾਈਆਂ ਨੂੰ ਨਿਰਾ ਹਕੂਮਤੀ ਦਹਿਸ਼ਤ-ਗਰਦੀ ਦਾ ਪ੍ਰਤੀਕਰਮ ਕਹਿਕੇ ਸੰਬੰਧਤ ਲਹਿਰ ਨੂੰ ਇਸਦੇ ਜੁੰਮੇਵਾਰੀ ਤੋਂ ਮੁਕਤ ਕਿਵੇਂ ਕੀਤਾ ਜਾ ਸਕਦਾ ਹੈ।

ਪਰ ਇਸਦੇ ਬਾਵਜੂਦ, ਸਾਥੀ ਗੁਰਸ਼ਰਨ ਸਿੰਘ ਹੁਰੀਂ ਖਾਲਸਤਾਨੀ ਦਹਿਸ਼ਤਗਰਦਾਂ ਨੂੰ ਉਹਨਾਂ ਦੀਆਂ ਫਾਸ਼ੀ ਕਾਰਵਾਈਆਂ ਲਈ ਜੁੰਮੇਵਾਰ ਟਿੱਕਣ ਤੋਂ ਇਨਕਾਰੀ ਹਨ। ਉਹ ਇਹ ਗੱਲ ਫੇਰ ਜ਼ੋਰ ਨਾਲ ਕਹਿੰਦੇ ਹਨ ਕਿ "ਜੇਕਰ ਕੋਈ ਭਾਰਤੀ ਸਟੇਟ ਨੂੰ ਇਕ ਫੀਸਦੀ ਵੀ ਜੁਰਮ ਤੋਂ ਬਰੀ ਕਰਦਾ ਹੈ ਤਾਂ ਇਹ ਠੀਕ ਪਹੁੰਚ ਨਹੀਂ ਹੋਵੇਗੀ...ਖਾਲਸਤਾਨੀ ਜੋ ਕੁਝ ਗਲਤ ਕਰਦੇ ਹਨ ਜਾਂ ਕਰ ਸਕਦੇ ਹਨ, ਉਹਦੀ ਜ਼ਿੰਮੇਵਾਰੀ ਵੀ ਭਾਰਤੀ ਸਟੇਟ ਦੀ ਹੈ।" ਸਾਡਾ "ਭਾਰਤੀ ਸਟੇਟ" ਨੂੰ ਬਰੀ ਕਰਨ ਦਾ ਕੋਈ ਇਰਾਦਾ ਨਹੀਂ ਹੈ। ਜੇ ਗੱਲ ਸਿਰਫ "ਭਾਰਤੀ ਸਟੇਟ ਦੀ ਹੋ ਰਹੀ ਹੋਵੇ ਤਾਂ ਪੰਜਾਬ 'ਚ ਹੋ ਰਹੀ ਕਤਲੋਗਾਰਤ 'ਚ ਇਸਦਾ ਰੋਲ ਸਦੀਓਂ ਸੌ ਫੀ ਸਦੀ ਮੁਜਰਮਾਨਾ ਹੈ ਯਾਨੀ ਇਸਦੇ ਰੋਲ ਨੂੰ ਇਕ ਪ੍ਰਤੀਸ਼ਤ ਵੀ ਲੋਕ-ਪੱਖੀ ਨਹੀਂ ਕਿਹਾ ਜਾ ਸਕਦਾ। ਪਰ ਜਦੋਂ ਇਹ ਨਿਤਾਰਾ ਕੀਤਾ ਜਾ ਰਿਹਾ ਹੋਵੇ ਕਿ ਪੰਜਾਬ 'ਚ ਹੋ ਰਹੀ ਕਤਲੋਗਾਰਤ ਲਈ ਖਾਲਸਤਾਨੀ ਦਹਿਸ਼ਤਗਰਦਾਂ ਅਤੇ ਹਕੂਮਤ 'ਚੋਂ ਮੁਕਾਬਲਤਨ ਕੌਣ ਕਿੰਨਾ ਜੁੰਮੇਵਾਰ ਹੈ ਤਾਂ ਸ਼ਬਦ ਸੌ ਫੀ ਸਦੀ ਦਾ ਅਰਥ ਇਹ ਬਣ ਜਾਂਦਾ ਹੈ ਕਿ ਖਾਲਸਤਾਨੀ ਦਹਿਸ਼ਤਗਰਦ ਇਸ ਖਾਤਰ ਇਕ ਫੀਸਦੀ ਵੀ ਜੁੰਮੇਵਾਰ ਨਹੀਂ ਹਨ। ਸਮਤਾ ਦੇ ਫਰਵਰੀ ਅੰਕ 'ਚ ਸਾਥੀ ਗੁਰਸ਼ਰਨ ਸਿੰਘ ਹੁਰਾਂ ਨੇ ਸ਼ਬਦ, ਸੌ ਫੀਸਦੀ ਹਕੂਮਤ ਅਤੇ ਖਾਲਸਤਾਨੀ ਦਹਿਸ਼ਤਗਰਦਾਂ ਦੇ ਰੋਲ ਦੀ ਤੁਲਨਾ ਕਰਦਿਆਂ "ਸਟੇਟ" ਖਾਤਰ ਵਰਤੇ ਸਨ। ਹੁਣ ਜੂਨ ਅੰਕ 'ਚ ਆਪਣਾ ਪੱਖ ਪੇਸ਼ ਕਰਨ ਵੇਲੇ ਵੀ ਉਹਨਾਂ ਦੀ ਧੁਸ ਇਹੋ ਹੈ। ਇਹ ਗੱਲ ਠੀਕ ਹੈ ਕਿ ਖਾਲਸਤਾਨੀ ਜੋ ਗਲਤ ਕਰਦੇ ਹਨ ਜਾਂ ਕਰ ਸਕਦੇ ਹਨ ਉਸ 'ਚ ਭਾਰਤੀ ਸਟੇਟ ਦਾ ਰੋਲ ਹੈ। ਇਹਨਾਂ ਨੂੰ ਸ਼ਹਿ ਤੇ ਸਮਰਥਨ ਦੇ ਕੇ ਪਾਲਣ-ਪੋਸਣ ਕਰਨ 'ਚ ਵੀ ਅਤੇ ਅੰਨ੍ਹੇ ਹਕੂਮਤੀ ਜਬਰ ਦੀ ਵਰਤੋਂ ਰਾਹੀਂ ਇਹਨਾਂ ਦਾ ਆਧਾਰ ਚੌੜਾ ਕਰਕੇ ਟੇਢੇ ਰੂਪ 'ਚ ਪਾਲਣ-ਪੋਸਣ ਕਰਨ 'ਚ ਵੀ। ਪਰ ਇਸ ਨਾਲ ਖਾਲਸਤਾਨੀ ਦਹਿਸ਼ਤਗਰਦਾਂ ਦਾ ਆਪਣਾ ਰੋਲ ਕਿਵੇਂ ਮਿਟ ਜਾਂਦਾ ਹੈ? ਗੁਰਸ਼ਰਨ ਸਿੰਘ ਹੁਰੀਂ ਇਹ ਤਾਂ ਕਹਿੰਦੇ ਹਨ ਕਿ ਭਾਰਤੀ ਸਟੇਟ ਨੂੰ ਜੁਰਮ ਤੋਂ ਇਕ ਫੀਸਦੀ ਵੀ ਬਰੀ ਕਰਨਾ ਦਰੁਸਤ ਪਹੁੰਚ ਨਹੀਂ ਹੈ ਪਰ ਸਾਨੂੰ ਇਹ ਸਮਝ ਨਹੀਂ ਆਈ ਕਿ ਖਾਲਸਤਾਨੀ ਦਹਿਸ਼ਤਗਰਦਾਂ ਨੂੰ ਸੌ ਫੀਸਦੀ ਬਰੀ ਕਰ ਦੇਣਾ ਦਰੁਸਤ ਪਹੁੰਚ ਕਿਵੇਂ ਹੈ?

ਕਿਉਂਕਿ ਸਾਥੀ ਗੁਰਸ਼ਰਨ ਸਿੰਘ ਹੁਰੀਂ ਖਾਲਸ-ਤਾਨੀ ਦਹਿਸ਼ਤਗਰਦਾਂ ਨੂੰ ਸਟੇਟ ਦਾ ਅੰਗ ਨਹੀਂ ਸਮਝਦੇ, ਇਸ ਲਈ ਉਪਰੋਕਤ ਚਰਚਾ ਦੌਰਾਨ ਇਹਨਾਂ ਦੇ ਆਪਣੇ ਵਿਸ਼ੇਸ਼ ਰੋਲ ਨੂੰ ਉਘਾੜਣ ਖਾਤਰ, ਇਹਨਾਂ ਦੇ ਰੋਲ ਨੂੰ ਉਸ ਸ਼ਕਤੀ ਨਾਲ ਵਖਰਿਆ ਕੇ ਪੇਸ਼ ਕਰਨਾ ਜ਼ਰੂਰੀ ਸੀ ਜਿਸਨੂੰ ਸਾਥੀ ਹੁਰੀਂ ਭਾਰਤੀ ਸਟੇਟ ਦਾ ਨਾਂ ਦਿੰਦੇ ਹਨ। ਸਾਡੇ ਮੁਤਾਬਕ ਤਾਂ ਖਾਲਸਤਾਨੀ ਦਹਿਸ਼ਤਗਰਦੀ ਹਾਕਮ ਜਮਾਤਾਂ ਦੀ ਸੱਤਾ ਦਾ ਇਕ ਅੰਗ ਹੀ ਹਨ ਅਤੇ ਜਦੋਂ ਅਸੀਂ ਇਹਨਾਂ ਦੇ ਰੋਲ ਵੀ ਵੱਖਰੇ ਤੌਰ 'ਤੇ ਗੱਲ ਕਰਦੇ ਹਾਂ ਤਾਂ ਇਹ ਸੱਤਾ ਦੇ ਇਕ ਵਿਸ਼ੇਸ਼ ਅੰਗ ਦੇ ਵਿਸ਼ੇਸ਼ ਰੋਲ ਦੀ ਹੀ ਗੱਲ ਹੁੰਦੀ ਹੈ। ਸਟੇਟ ਦੀ ਮਾਰਕਸਵਾਦੀ ਲੈਨਿਨਵਾਦੀ ਧਾਰਨਾ ਮੁਤਾਬਕ, ਇਹ ਕਿਸੇ ਖਾਸ ਜਮਾਤ ਦੇ ਹੱਥਾਂ ਵਿਚ ਆਪਣੀਆਂ ਦੁਸ਼ਮਣ ਜਮਾਤਾਂ ਨੂੰ ਦਬਾ ਕੇ ਰੱਖਣ ਲਈ ਖੜੀ ਕੀਤੀ ਹਿੰਸਕ ਤਾਕਤ ਹੁੰਦੀ ਹੈ। ਪਿਛਾਂਹ ਖਿੱਚੂ ਜਮਾਤਾਂ ਦੀ ਚੌਧਰ ਸਿਰਫ ਕਾਨੂੰਨਨ ਮਾਨਤਾ-ਪ੍ਰਾਪਤ ਰਾਜ-ਮਸ਼ੀਨਰੀ ਦੇ ਵਧਾਰੇ ਵਜੋਂ ਤੇ ਇਸਦੇ ਸਹਾਇਕ ਅੰਗ ਵਜੋਂ ਗੈਰ-ਕਾਨੂੰਨੀ ਹਿੰਸਕ ਸ਼ਕਤੀ ਵੀ ਵਰਤੋਂ 'ਚ ਲਿਆਂਦੀ ਜਾਂਦੀ ਹੈ ਜੋ ਰਾਜ ਦੇ ਅਣ-ਐਲਾਨੇ ਅੰਗ ਵਜੋਂ ਹਰਕਤ 'ਚ ਆਉਂਦੀ ਹੈ। ਹਾਕਮ ਜਮਾਤਾਂ

ਵਲੋਂ ਜਥੇਬੰਦ ਕੀਤੇ ਜਾਣ ਵਾਲੇ ਫਾਸ਼ੀ ਗਰੋਹ ਅਜਿਹੀ ਹੀ ਹਿੰਸਕ ਤਾਕਤ ਹੁੰਦੇ ਹਨ। ਬਿਹਾਰ ਅੰਦਰ ਜਾਗੀਰਦਾਰਾਂ ਦੀਆਂ ਨਿੱਜੀ ਫੌਜਾਂ ਰਾਜ ਦੀ ਹਿੰਸਕ ਸ਼ਕਤੀ ਦੇ ਅਜਿਹੇ ਵਰਤਾਰੇ ਦੀ ਹੀ ਮਿਸਾਲ ਹਨ। ਇਸ ਰੌਸ਼ਨੀ 'ਚ ਵੇਖਿਆਂ, ਖਾਲਸਤਾਨੀ-ਫਾਸ਼ੀ ਗਰੋਹ ਲੋਕਾਂ 'ਤੇ ਧੌਂਸ ਜਮਾਕੇ ਉਹਨਾਂ ਨੂੰ ਹਾਕਮ ਜਮਾਤਾਂ ਦੇ ਦਬਦਬੇ ਹੇਠ ਰੱਖਣ ਦਾ ਉਸੇ ਕਿਸਮ ਦਾ ਸੰਦ ਹਨ ਜਿਹੋ ਜਿਹਾ ਸੰਦ ਕਾਨੂੰਨ ਸਨਤਾ-ਪ੍ਰਾਪਤ ਰਾਜ-ਮਸ਼ੀਨਰੀ ਹੈ। ਰਾਜ ਦੇ ਕਾਨੂੰਨਨ ਮਾਨਤਾ-ਪ੍ਰਾਪਤ ਅੰਗਾਂ ਨਾਲ ਇਹਨਾਂ ਦਾ ਉਭਰਿਆ ਟਕਰਾਅ ਵੀ ਇਸ ਹਕੀਕਤ ਨੂੰ ਰੱਦ ਨਹੀਂ ਕਰਦਾ। ਸਿਰਫ ਇਹੋ ਜ਼ਾਹਰ ਕਰਦਾ ਹੈ ਕਿ ਹਾਕਮ ਜਮਾਤਾਂ ਦੇ ਤਿੱਖੇ ਹੋਏ ਆਪਸੀ ਭੇੜ ਦੀ ਹਾਲਤ 'ਚ ਕੋਈ ਹਾਕਮ-ਸਿਆਸੀ ਧੜਾ ਰਾਜ ਦੇ ਕਾਨੂੰਨਨ ਮਾਨਤਾ-ਪ੍ਰਾਪਤ ਅੰਗਾਂ ਦੀ ਵਰਤੋਂ ਕਰਨ ਪੱਖੋਂ ਬਿਹਤਰ ਹਾਲਤ 'ਚ ਹੈ ਅਤੇ ਕੋਈ ਅਣ-ਐਲਾਨੇ ਅੰਗਾਂ ਦੀ ਵਰਤੋਂ ਕਰਨ 'ਚ ਬਿਹਤਰ ਹਾਲਤ 'ਚ ਹੈ। ਲੋਕਾਂ ਦੇ ਨਾਲ ਦੋਨਾਂ ਦਾ ਇਕੋ ਰਿਸ਼ਤਾ ਹੈ ਦੋਵੇਂ ਲੋਕਾਂ ਉਪਰ ਧੌਂਸ ਜਮਾਉਣ ਤੇ ਹਾਕਮ-ਜਮਾਤਾਂ ਦੇ ਦਬਦਬੇ ਨੂੰ ਬਣਾਈ ਰੱਖਣ ਵਾਲੀ ਹਿੰਸਕ ਤਾਕਤ ਹਨ। ਹਾਕਮ-ਜਮਾਤਾਂ ਦੇ ਦਬਦਬੇ ਨੂੰ ਬਣਾਈ ਰੱਖਣ ਵਾਲੀ ਹਿੰਸਕ ਤਾਕਤ ਹਨ। ਹਾਕਮ ਜਮਾਤਾਂ ਦੇ ਹਿਤਾਂ ਦੀ ਰਾਖੀ ਕਰਨ 'ਚ, ਕਾਨੂੰਨਨ ਮਾਨਤਾ-ਪ੍ਰਾਪਤ ਰਾਜ-ਮਸ਼ੀਨਰੀ ਅਤੇ ਬੇਐਲਾਨ ਹਥਿਆਰਬੰਦ ਫਾਸ਼ੀ ਤਾਕਤ ਦੀ ਸਾਂਝੀ ਖਸਲਤ ਤੇ ਰੋਲ ਨੂੰ ਧਿਆਨ 'ਚ ਰੱਖ ਕੇ ਹੀ ਖਾਲਸਤਾਨੀ ਦਹਿਸ਼ਤ-ਗਰਦਾਂ ਦੀ ਸਿਆਸੀ ਲੀਡਰਸ਼ਿਪ ਨੇ ਦਰਬਾਰ-ਸਾਹਿਬ ਦੇ ਅੰਦਰੋਂ ਪਹਿਲੀ ਵਾਰ ਖਾਲਸਤਾਨ ਦਾ ਐਲਾਨ ਕਰਨ ਸਮੇਂ ਹੀ ਇਹ ਸਪਸ਼ਟ ਕਰ ਦਿਤਾ ਸੀ ਕਿ ਅਖੌਤੀ ਖਾਲਸਤਾਨ ਅੰਦਰ ਰਾਜ-ਪ੍ਰਬੰਧ 'ਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ ਸਿਰਫ ਭਾਰਤੀ ਰਾਜ ਦੀਆਂ ਮੋਹਰਾਂ ਦੀ ਥਾਂ ਖਾਲਸਤਾਨ ਦੀਆਂ ਮੋਹਰਾਂ ਵਰਤੀਆਂ ਜਾਣਗੀਆਂ।

ਖਾਲਸਤਾਨੀ ਦਹਿਸ਼ਤਗਰਦਾਂ ਦੇ ਫਿਰਕੂ-ਫਾਸ਼ੀ ਕਿਰਦਾਰ ਦਾ ਅਤੇ ਇਹਨਾਂ ਵਲੋਂ ਲੋਕਾਂ ਦੇ ਜੀਣ ਦੇ ਹੱਕ 'ਤੇ ਮਾਰੇ ਜਾ ਰਹੇ ਛਾਪਿਆਂ ਦਾ ਇਕਬਾਲ ਕਰਕੇ ਵੀ ਸਾਥੀ ਗੁਰਸ਼ਰਨ ਸਿੰਘ ਹੁਰੀਂ ਇਹਨਾਂ ਖਿਲਾਫ ਸੰਘਰਸ਼ ਕਰਨ ਤੋਂ ਇਨਕਾਰੀ ਹਨ ਜਦੋਂ ਕਿ ਇਹੋ ਗੱਲ ਅਜਿਹੇ ਸੰਘਰਸ਼ ਦੀ ਲੋੜ ਅਤੇ ਵਾਜਬੀਅਤ ਦਾ ਆਧਾਰ ਮੁਹੱਈਆ ਕਰਦੀ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਸਾਥੀ ਗੁਰਸ਼ਰਨ ਸਿੰਘ ਹੁਰੀਂ ਖਾਲਸਤਾਨੀ ਲਹਿਰ ਦੇ ਫਿਰਕੂ-ਫਾਸ਼ੀ ਲੱਛਣਾਂ ਨੂੰ ਸਵੀਕਾਰਦੇ ਹੋਏ ਇਸਦੀ ਤੁਲਨਾ ਤਾਂ ਇਜ਼ਰਾਈਲ ਵਰਗੇ ਫਾਸ਼ੀ ਰਾਜਾਂ ਨਾਲ ਕਰਦੇ ਹਨ ਪਰ ਇਹਨਾਂ ਨਾਲ ਇਨਕਲਾਬੀਆਂ ਦੇ ਵਿਰੋਧ ਨੂੰ ਸਿਰਫ "ਫਲਸਫੇ ਦੇ ਖੇਤਰ" ਤੱਕ ਸੀਮਤ ਦੇਖਦੇ ਹਨ। ਉਹ ਇਹ ਭੁੱਲਦੇ ਹਨ ਕਿ ਦੁਨੀਆਂ ਭਰ ਦੀ ਕੋਈ ਵੀ ਇਨਕਲਾਬੀ ਲਹਿਰ ਇਸ ਖਿਲਾਫ ਅਮਲੀ ਚੁਣੌਤੀ ਬਣਕੇ ਉੱਭਰੀਆਂ ਲਹਿਰਾਂ ਖਿਲਾਫ ਸੰਘਰਸ਼ ਕੀਤੇ ਅਤੇ ਇਹਨਾਂ ਨੂੰ ਹਰਾਏ ਬਗੈਰ ਆਪਣੀ ਰਾਖੀ ਨਹੀਂ ਕਰ ਸਕੀ ਤੇ ਨਾ ਹੀ ਕਰ ਸਕਦੀ ਹੈ। ਫਾਸ਼ੀ ਲਹਿਰ ਆਪਣੇ ਆਪ 'ਚ ਹੀ ਇਨਕਲਾਬੀ ਸ਼ਕਤੀਆਂ ਤੇ ਠੋਸੀ ਖੂੰਨੀ ਜੰਗ ਹੁੰਦੀ ਹੈ। "ਫਲਸਫੇ ਦੇ ਖੇਤਰ 'ਚ ਹਰ ਵਿਰੋਧ ਨੂੰ ਲਤਾੜ ਸੁੱਟਣਾ ਇਸਦਾ ਉੱਘੜਵਾਂ ਲੱਛਣ ਹੁੰਦਾ ਹੈ। ਇਸ ਕਰਕੇ ਫਾਸ਼ੀ ਤਾਕਤਾਂ ਖਿਲਾਫ ਸੰਘਰਸ਼ ਦਾ ਕਾਰਜ ਛੱਡ ਕੇ ਫਲਸਫੇ ਦੇ ਖੇਤਰ 'ਚ ਜ਼ਬਾਨ ਖੋਹਲਣ ਦਾ ਹੱਕ ਵੀ ਪੱਲੇ ਨਹੀਂ ਰਹਿੰਦਾ। ਸੰਘਰਸ਼ ਤੋਂ ਬਗੈਰ ਅਜਿਹੇ ਹੱਕ ਨੂੰ ਮਹਿਫੂਜ਼ ਰੱਖ ਸਕਣ ਜਾਂ ਮਾਣ ਸਕਣ ਦਾ ਭਰਮ ਪਾਲਣਾ ਇਨਕਲਾਬੀ ਯਥਾਰਥ-ਵਾਦ ਦੀ ਨਹੀਂ, ਸਗੋਂ ਉਸੇ ਰੁਮਾਂਸਵਾਦ ਦੀ ਮਿਸਾਲ ਹੈ ਜਿਸ ਕੋਲੋਂ ਇਨਕਲਾਬੀਆਂ ਨੂੰ ਬਚਾਉਣ ਦੇ ਸਾਥੀ ਗੁਰਸ਼ਰਨ ਸਿੰਘ ਹੁਰੀਂ ਖਾਹਸ਼ਮੰਦ ਹਨ।

ਪਰ ਸਾਥੀ ਗੁਰਸ਼ਰਨ ਸਿੰਘ ਹੁਰੀਂ ਬਹੁਤ ਹੀ ਹੈਰਾਨ ਕਰਨ ਵਾਲੀ ਗੱਲ ਉਦੋਂ ਕਰਦੇ ਹਨ ਜਦੋਂ ਇਹ ਕਹਿਣ ਤੱਕ ਚਲੇ ਜਾਂਦੇ ਹਨ ਕਿ ਫਿਰਕੂ-ਫਾਸ਼ੀ ਤਾਕਤਾਂ ਖਿਲਾਫ ਲੜਨਾ ਇਨਕਲਾਬੀਆਂ ਦਾ ਨਹੀਂ ਸਗੋਂ ਪਿਛਾਂਹ-ਖਿੱਚੂ ਹਕੂਮਤਾਂ ਦਾ ਫਰਜ਼ ਹੁੰਦਾ ਹੈ। ਉਹ ਕਹਿੰਦੇ ਹਨ :

"ਹਲਕੇ ਕੁੱਤੇ ਨੂੰ ਖਤਮ ਕਰਨਾਂ ਕਮੇਟੀ ਵਾਲਿਆਂ ਦਾ ਫਰਜ਼ ਹੈ ਜਿਨਾਂ ਕੋਲ ਇਸਨੂੰ ਖਤਮ ਕਰਨ ਦੇ ਸਾਧਨ ਹਨ। ਖਾਹ-ਮ-ਖਾਹ ਇਹ ਫਰਜ਼ ਆਪਣੇ ਸਿਰ ਨਹੀਂ ਲੈਣਾ ਚਾਹੀਦਾ।'

ਅਸੀਂ ਪੁੱਛਣਾ ਚਾਹਾਂਗੇ ਕਿ ਕਿ ਕਿਸੇ ਫਿਰਕੂ-ਫਾਸ਼ੀ ਤਾਕਤ ਖਿਲਾਫ ਜੂਝਣਾ ਤੇ ਇਸਦਾ ਖਾਤਮਾ ਕਰਨਾ ਸਭ ਤੋਂ ਵੱਧ ਇਨਕਲਾਬੀ ਸ਼ਕਤੀਆਂ ਦੀ ਹੀ ਲੋੜ ਤੇ ਜ਼ੁੰਮੇਵਾਰੀ ਨਹੀਂ ਹੁੰਦੀ ? ਅਸੀਂ ਇਹ ਪਹਿਲੀ ਵਾਰ ਸੁਣ ਰਹੇ ਹਾਂ ਕਿ ਕਿਸੇ ਫਿਰਕੂ-ਫਾਸ਼ੀ ਤਾਕਤ ਵਿਰੁੱਧ ਭਿੜਨਾ ਪਿਛਾਂਹ ਖਿਚੂ ਹਕੂਮਤਾਂ ਦੀ ਜ਼ੁੰਮੇਵਾਰੀ ਹੁੰਦੀ ਹੈ। ਜੇ ਇਨਕਲਾਬੀਆਂ ਲਈ ਇਹ ਖਾਹ ਮਖਾਹ ਦੀ ਲੜਾਈ ਹੁੰਦੀ ਹੈ ਤਾਂ ਦੁਨੀਆਂ ਭਰ ਅੰਦਰ ਫਾਸ਼ੀ ਸ਼ਕਤੀਆਂ ਵਿਰੁੱਧ ਜੂਝਦਿਆਂ ਜਾਨਾਂ ਕੁਰਬਾਨ ਕਰਨ ਵਾਲੇ ਲੱਖਾਂ ਇਨਕਲਾਬੀਆਂ ਦੀਆਂ ਕੁਰਬਾਨੀਆਂ ਵੀ ਕੀ

ਖਾਹ-ਮ-ਖਾਹ ਦੀਆਂ ਹੀ ਬਣਦੀਆਂ ਹਨ ?

ਅੱਜ ਖਾਲਸਤਾਨੀ ਫਾਸਿਸ਼ਟਾਂ ਨੂੰ ਠੱਲ੍ਹ ਪਾਉਣ ਦੀ ਸਭ ਤੋਂ ਵੱਧ ਹਕੀਕੀ ਲੋੜ ਪੰਜਾਬ ਦੇ ਲੋਕਾਂ ਅਤੇ ਇਨਕਲਾਬੀ ਸ਼ਕਤੀਆਂ ਦੀ ਹੈ। ਫਿਰਕੂ-ਫਾਸ਼ੀ ਟੋਲਿਆਂ ਕੋਲੋਂ ਲੋਕਾਂ ਜਾਂ ਇਨਕਲਾਬੀ ਸ਼ਕਤੀਆਂ ਦੀ ਸੁਰੱਖਿਆ ਕਰਨ 'ਚ ਪਿਛਾਖੜੀ ਹਕੂਮਤ ਦਾ ਕੀ ਹਿੱਤ ਹੋ ਸਕਦਾ ਹੈ ? ਕਿਸੇ ਪਿਛਾਖੜੀ ਹਕੂਮਤ ਖਾਤਰ ਇਹਨਾਂ ਤੇ ਵਾਰ ਕਰਨ ਦੀ ਲੋੜ ਕੇਵਲ ਉਦੋਂ ਹੀ ਹੁੰਦੀ ਹੈ ਜਦੋਂ ਇਹ ਕਿਸੇ ਸ਼ਰੀਕ ਹਾਕਮ-ਜਮਾਤੀ ਧੜੇ ਦਾ ਹਥਿਆਰ ਬਣਦੇ ਹਨ। ਇਹੋ ਵਜ੍ਹਾ ਹੈ ਕਿ ਲੋਕਾਂ ਤੇ ਬੰਦੂਕ ਚਲਾਉਂਦਾ ਭਿੰਡਰਾ ਵਾਲਾ ਆਪਣੀਆਂ ਫਿਰਕੂ-ਫਾਸ਼ੀ ਕਾਰਵਾਈਆਂ ਦੇ ਬਾਵਜੂਦ ਹਕੂਮਤੀ ਨਜ਼ਰਾਂ 'ਚ ਓਨਾ ਚਿਰ ਧਾਰਮਿਕ ਸੰਤ ਬਣਿਆ ਰਹਿੰਦਾ ਹੈ ਜਿੰਨਾ ਚਿਰ ਹਕੂਮਤੀ ਧਿਰ ਲਈ ਕਿਸੇ ਹੋਰ ਧੜੇ ਦਾ ਸੰਦ ਨਹੀਂ ਬਣ ਜਾਂਦਾ। ਇਹੋ ਵਜ੍ਹਾ ਹੈ ਕਿ ਸਿੱਖ ਦਹਿਸ਼ਤਗਰਦਾਂ ਦੇ ਥਾਪੇ ਸਿੰਘ ਸਾਹਿਬਾਨ ਅਚਾਨਕ ਸਰਕਾਰੀ ਨਜ਼ਰਾਂ 'ਚ ਖਤਰਨਾਕ ਮੁਜਰਮਾਂ ਤੋਂ ਸਿੰਘ ਸਾਹਿਬਾਨ ਬਣ ਜਾਂਦੇ ਹਨ। ਇਹੋ ਕਾਰਨ ਹੈ ਕਿ ਸੰਧੂਆਂ, ਗੁਰਜੀਤਾਂ, ਗੁਰਿੰਦਰਾਂ ਜਾਂ ਹੋਰ ਦਹਿਸ਼ਤਗਰਦਾਂ ਦੇ ਗਿਆਨੀਆਂ, ਬੂਟਿਆਂ, ਜਾਖੜਾਂ ਜਾਂ ਰੰਧਾਵਿਆਂ ਨਾਲ ਸੰਬੰਧਾਂ ਦੀ ਅਸਲੀਅਤ ਅਕਸਰ ਹੀ ਨਸ਼ਰ ਹੁੰਦੀ ਰਹਿੰਦੀ ਹੈ। ਸੋ ਇਹ ਫਿਰਕੂ-ਫਾਸ਼ੀ ਟੋਲੇ ਵਕਤੀ ਤੌਰ 'ਤੇ ਹਾਕਮ ਜਮਾਤਾਂ ਦੇ ਕਿਸੇ ਧੜੇ ਜਾਂ ਉਸਦੀ ਹਕੂਮਤ ਦੇ ਵੈਰੀ ਤਾਂ ਹੋ ਸਕਦੇ ਹਨ ਪਰ ਇਹ ਹਾਕਮ-ਜਮਾਤਾਂ ਦੇ ਰਾਜ ਦੇ ਵੈਰੀ ਨਹੀਂ ਹਨ। ਇਹਨਾਂ ਦਾ ਹਕੂਮਤ ਨਾਲ ਦੁਸ਼ਮਨਾਨਾ ਰਿਸ਼ਤਾ ਸਦੀਵੀ ਨਹੀਂ ਹੈ ਸਗੋਂ ਸਮੇਂ ਸਮੇਂ ਰੰਗ ਬਦਲਦਾ ਰਹਿੰਦਾ ਹੈ ਜਦੋਂ ਕਿ ਲੋਕਾਂ ਨਾਲ ਇਹਨਾਂ ਦਾ ਪੱਕਾ ਦੁਸ਼ਮਨਾਨਾ ਜਮਾਤੀ ਰਿਸ਼ਤਾ ਹੈ। ਇਸ ਕਰਕੇ ਇਹਨਾਂ ਖਿਲਾਫ ਜੂਝਣ ਦੀ ਜੁੰਮੇਵਾਰੀ ਕਿਸੇ ਪਿਛਾਂਹ ਖਿਚੂ ਹਕੂਮਤ ਦੀ ਨਹੀਂ ਸਗੋਂ ਇਨਕਲਾਬੀ ਸ਼ਕਤੀਆਂ ਦੇ ਮੋਢੇ ਆਉਂਦੀ ਹੈ।

ਸਾਥੀ ਗੁਰਸ਼ਰਨ ਸਿੰਘ ਹੋਰਾਂ ਨੇ ਖਾਲਸਤਾਨੀ ਦਹਿਸ਼ਤਗਰਦਾਂ ਨਾਲ ਸੰਘਰਸ਼ ਦੇ ਮਾਮਲੇ 'ਚ ਇਨਕਲਾਬੀ ਸ਼ਕਤੀਆਂ ਦੀ ਸਮਰੱਥਾ ਦਾ ਸੁਆਲ ਉਠਾਇਆ ਹੈ। ਗੁਰਸ਼ਰਨ ਸਿੰਘ ਹੁਰਾਂ ਦਾ ਜਾਇਜ਼ਾ ਹੈ ਕਿ ਇਨਕਲਾਬੀ ਲਹਿਰ ਅੱਜ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਕਰਨ ਦੇ ਸਮਰੱਥ ਨਹੀਂ। ਉਹ ਇਨਕਲਾਬੀ ਸ਼ਕਤੀਆਂ ਦੀ ਸਮਰੱਥਾ ਦੇ ਸੁਆਲ ਨੂੰ ਸੰਘਰਸ਼ ਕਰਨ ਦੀ ਬਾਹਰਮੁਖੀ ਲੋੜ ਦੇ ਸੁਆਲ ਨਾਲ ਰਲਗੱਡ ਕਰਦੇ ਹਨ। ਅਸਲ 'ਚ ਉਹਨਾਂ ਦਾ ਇਨਕਲਾਬੀ ਸ਼ਕਤੀਆਂ ਦੀ ਸਮਰੱਥਾ ਬਾਰੇ ਉਪਰੋਕਤ ਜਾਇਜ਼ਾ ਹੀ ਹੈ ਜਿਹੜਾ ਉਹਨਾਂ ਨੂੰ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਦੀ ਬਾਹਰਮੁਖੀ ਲੋੜ ਨੂੰ ਹੀ ਰੱਦ ਕਰਨ ਲਈ ਪ੍ਰੇਰਦਾ ਹੈ। ਵਰਨਾ ਇਹ ਲੋੜ ਇੰਨੀ ਜ਼ੋਰਦਾਰ ਹੈ ਕਿ ਖੁਦ ਸਾਥੀ ਗੁਰਸ਼ਰਨ ਸਿੰਘ ਹੋਰੀਂ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ, ਨਾ ਸਿਰਫ ਸੰਘਰਸ਼ ਦੀ ਸਗੋਂ ਹਥਿਆਰਬੰਦ ਸੰਘਰਸ਼ ਦੀ ਜ਼ਰੂਰਤ ਮਹਿਸੂਸ ਕਰਦੇ ਹਨ; ਸਮਤਾ ਦੇ ਅਪਰੈਲ ਅੰਕ 'ਚ ਉਹ ਲਿਖਦੇ ਹਨ :

"ਇਕ ਇਨਕਲਾਬੀ-ਵਿਰੋਧੀ ਫਲਸਫਾ ਲੋਕਾਂ ਉਤੇ ਹਥਿਆਰਾਂ ਦੀ (ਜਿਹੜੇ ਕਿ ਬਹੁਤੇ ਬਦੇਸ਼ਾਂ ਵਿੱਚੋਂ ਆ ਰਹੇ ਹਨ) ਮਦਦ ਨਾਲ ਠੋਸਿਆ ਜਾ ਰਿਹਾ ਹੈ। ਇਸਦਾ ਮੁਕਾਬਲਾ ਵੀ ਬਦੇਸ਼ੀ ਹਥਿਆਰਾਂ ਨਾਲ ਹੀ ਕੀਤਾ ਜਾ ਸਕਦਾ ਹੈ...ਸੰਸਾਰ ਕਮਿਊਨਿਸਟ ਲਹਿਰ ਨੂੰ ਭਾਰਤ 'ਚ ਉੱਠ ਰਹੇ ਉਲਟ-ਇਨਕਲਾਬ ਦੇ ਵਰਤਾਰੇ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਇਸ ਵਰਤਾਰੇ ਵਿਰੁੱਧ ਹਰ ਮੁਮਕਿਨ ਤਰੀਕੇ ਨਾਲ ਅਸਰਦਾਰ ਕਾਰਵਾਈ ਕਰਨੀ ਚਾਹੀਦੀ ਹੈ। ਸੰਸਾਰ ਕਮਿਊਨਿਸਟ ਲਹਿਰ ਵੱਲੋਂ ਭਾਰਤੀ ਕਮਿਊਨਿਸਟਾਂ ਨੂੰ ਹਥਿਆਰਾਂ ਦੀ ਸਪਲਾਈ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾਣਾ ਚਾਹੀਦਾ...।"

ਬਿਨਾ ਸ਼ੱਕ, ਬਦੇਸ਼ੀ ਹਥਿਆਰਾਂ ਨਾਲ ਲੋਕਾਂ ਤੇ ਉਲਟ-ਇਨਕਲਾਬੀ ਫਲਸਫਾ ਠੋਸਣ ਦਾ ਕੰਮ ਖਾਲਸਤਾਨੀ ਦਹਿਸ਼ਤਗਰਦ ਹੀ ਕਰ ਰਹੇ ਹਨ। ਇਹਨਾਂ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਦੀ ਲੋੜ ਦਾ ਇਦੂੰ ਮੂੰਹ-ਬੋਲਦਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਖੁਦ ਸਾਥੀ ਗੁਰਸ਼ਰਨ ਸਿੰਘ ਹੁਰੀਂ ਇਸਨੂੰ ਕਾਊਂਟਰ-ਰੈਵੋਲੂਸ਼ਨ ਦਾ ਵਰਤਾਰਾ ਦੱਸਦਿਆਂ "ਸੰਸਾਰ ਕਮਿਊਨਿਸਟ ਲਹਿਰ" ਕੋਲੋਂ ਇਹਨਾਂ ਦੇ ਟਾਕਰੇ ਲਈ ਹਥਿਆਰ ਸਪਲਾਈ ਕਰਨ ਅਤੇ **"ਹਰ ਮੁਮਕਿਨ ਤਰੀਕੇ ਨਾਲ ਅਸਰਦਾਰ ਕਾਰਵਾਈ"** ਕਰਨ ਲਈ ਕਹਿ ਰਹੇ ਹਨ।

ਸੋ ਸਾਥੀ ਗੁਰਸ਼ਰਨ ਸਿੰਘ ਹੁਰਾਂ ਮੁਤਾਬਕ ਫਿਰਕੂ-ਫਾਸ਼ੀ ਦਹਿਸ਼ਤਗਰਦੀ ਦੇ "ਹਲਕੇ ਕੁੱਤੇ ਨੂੰ ਮਾਰਨਾ ਜਾਂ ਤਾਂ "ਸੰਸਾਰ ਕਮਿਊਨਿਸਟ ਲਹਿਰ" ਦਾ ਕੰਮ ਹੈ ਜਿਸ ਕੋਲ ਹਥਿਆਰ ਹਨ ਤੇ ਜਾਂ ਫਿਰ ਇਹ "ਕੰਨਟੀ ਵਾਲਿਆਂ" ਯਾਨੀ ਭਾਰਤੀ ਸਟੇਟ ਦਾ ਕੰਮ ਹੈ ਜਿਸ ਕੋਲ "ਇਸਨੂੰ ਖਤਮ ਕਰਨ ਦੇ ਸਾਧਨ ਹਨ।" ਭਾਰਤੀ ਇਨਕਲਾਬੀਆਂ ਨੂੰ ਇਹ ਫਰਜ਼ ਖਾਹ-ਮ-ਖਾਹ ਆਪਣੇ 'ਤੇ ਨਹੀਂ ਲੈਣਾ ਚਾਹੀਦਾ" ਕਿਉਂਕਿ ਉਹ "ਲਾਠੀਆਂ ਵਾਲੇ ਏਨੇ ਲੋਕ ਇਕੱਠੇ" ਨਹੀਂ ਕਰ ਸਕਦੇ ਕਿ "ਹਲਕੇ ਕੁੱਤੇ ਨੂੰ ਘੇਰ ਕੇ ਮਾਰਿਆ" ਜਾ ਸਕੇ। ਸੋ ਸਾਥੀ ਗੁਰਸ਼ਰਨ ਸਿੰਘ ਹੁਰਾਂ ਮੁਤਾਬਕ ਗੱਲ "ਆਪਣੀ

ਸ਼ਕਤੀ ਦੀ ਸੀਮਾ 'ਤੇ ਆਕੇ ਰੁਕ ਜਾਂਦੀ ਹੈ।" ਇਸ ਕਰਕੇ ਭਾਰਤੀ ਇਨਕਲਾਬੀਆਂ ਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ "ਹਲਕੇ ਕੁੱਤੇ ਦੇ ਰਾਹ ਨਾ ਜਾਇਆ ਜਾਵੇ।" ਇਹ ਸਾਥੀ ਗੁਰਸ਼ਰਨ ਸਿੰਘ ਹੁਰਾਂ ਦੀ ਅਸਲ ਪੁਜ਼ੀਸ਼ਨ ਹੈ। ਇਨਕਲਾਬੀ ਸ਼ਕਤੀਆਂ ਦੀ ਸਮਰੱਥਾ ਦੇ ਇਸ ਜ਼ਾਇਜ਼ੇ ਅਤੇ ਇਸ ਚੋਂ ਨਿਕਲਦੇ ਸਿੱਟਿਆਂ ਬਾਰੇ ਵਿਚਾਰ-ਵਟਾਂਦਰਾ ਹੋ ਸਕਦਾ ਹੈ ਪਰ ਸਮਰੱਥਾ ਦੀ ਘਾਟ ਦਾ ਇਹ ਨਤੀਜਾ ਨਹੀਂ ਨਿੱਕਲਣਾ ਚਾਹੀਦਾ ਕਿ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਕਰਨ ਦੀ ਬਾਹਰਮੁਖੀ ਲੋੜ ਨੂੰ ਹੀ ਪਤਲੀ ਪਾਇਆ ਜਾਂ ਇਨਕਾਰੀ ਹੋਇਆ ਜਾਵੇ, ਜਿਵੇਂ ਸਾਥੀ ਗੁਰਸ਼ਰਨ ਸਿੰਘ ਹੁਰਾਂ ਦੇ ਮਾਮਲੇ 'ਚ ਵਾਪਰਿਆ ਹੈ। ਹਾਲ ਦੀ ਘੜੀ, ਸਾਡਾ ਗੁਰਸ਼ਰਨ ਸਿੰਘ ਹੁਰਾਂ ਨਾਲ ਮੱਤਭੇਦ ਦਾ ਸੁਆਲ ਇਹ ਨਹੀਂ ਹੈ ਕਿ ਤੁਰਤ ਪੈਰ ਹਰ ਥਾਂ 'ਤੇ ਖਾਲਸਤਾਨੀ ਦਹਿਸ਼ਤਗਰਦਾਂ ਨਾਲ ਹਥਿਆਰਬੰਦ ਟੱਕਰ ਲਈ ਜਾਵੇ ਜਾਂ ਨਾ ਸਗੋਂ ਹਾਲੇ ਤਾਂ ਇਹ ਗੱਲ ਨਿਤਾਰਨੀ ਹੀ ਬਾਕੀ ਹੈ ਕਿ ਉਹਨਾਂ ਖਿਲਾਫ ਸੰਘਰਸ਼ ਦੀ (ਕਿਸੇ ਵੀ ਸ਼ਕਲ 'ਚ) ਲੋੜ ਹੀ ਮੌਜੂਦ ਹੈ ਜਾਂ ਨਹੀਂ।

ਇਨਕਲਾਬੀਆਂ ਦੀ ਸ਼ਕਤੀ ਦੀ ਸੀਮਤਾਈ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਦੇ ਪੈਂਤੜੇ ਨੂੰ ਛੱਡ ਦੇਣ ਦੀ ਲੋੜ ਨਹੀਂ ਉਭਾਰਦੀ ਸਗੋਂ ਇਸ ਪੈਂਤੜੇ ਨੂੰ ਸਾਕਾਰ ਕਰਨ ਦੀਆਂ ਮੁਸ਼ਕਲਾਂ ਨੂੰ ਸਰ ਕਰਨ ਦੀ ਹੀ ਲੋੜ ਉਭਾਰਦੀ ਹੈ। ਸ਼ਕਤੀ ਦੀ ਸੀਮਤਾਈ ਦੀ ਇਹ ਅਰਥ-ਸੰਭਾਵਨਾ ਤਾਂ ਬਣਦੀ ਹੈ ਕਿ ਖਾਲਸਤਾਨੀ ਦਹਿਸ਼ਤਗਰਦੀ ਵਿਰੁੱਧ ਸੰਘਰਸ਼ ਦੇ ਰੂਪ ਸਮੇਂ ਤੇ ਸਥਾਨ ਮੁਤਾਬਿਕ ਵੱਖੋ-ਵੱਖਰੇ ਹੋਣਗੇ, ਕਿਤੇ ਨੀਵੇਂ ਤੇ ਕਿਤੇ ਉੱਚੇ ਪੱਧਰ ਦੇ ਹੋਣਗੇ ਪਰ ਇਹ ਅਰਥ-ਸੰਭਾਵਨਾ ਨਹੀਂ ਬਣਦੀ ਕਿ ਖਾਲਸਤਾਨੀ ਦਹਿਸ਼ਤ-ਗਰਦੀ ਖਿਲਾਫ ਸੰਘਰਸ਼ ਕੀਤਾ ਹੀ ਨਾ ਜਾਵੇ। ਜੇ ਪੰਜਾਬ ਦੀਆਂ ਇਨਕਲਾਬੀ ਸ਼ਕਤੀਆਂ ਪਿਛਲੇ ਕਿੰਨੇ ਹੀ ਸਾਲਾਂ ਤੋਂ ਵੱਖ ਵੱਖ ਰੂਪਾਂ 'ਚ, ਖਾਲਸਤਾਨੀ ਦਹਿਸ਼ਤ-ਗਰਦਾਂ ਖਿਲਾਫ ਸੰਘਰਸ਼ ਕਰਦੀਆਂ ਆ ਰਹੀਆਂ ਹਨ ਤੇ ਇਸ ਸੰਘਰਸ਼ ਨੂੰ ਕਾਇਮ ਰੱਖ ਸਕੀਆਂ ਹਨ ਤਾਂ ਇਹ ਇਸੇ ਗੱਲ ਦਾ ਸੰਕੇਤ ਹੈ ਕਿ ਆਪਣੀ ਕਮਜ਼ੋਰ ਤਾਕਤ ਦੇ ਬਾਵਜੂਦ ਇਨਕਲਾਬੀ ਸ਼ਕਤੀਆਂ 'ਚ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਕਰਨ 'ਤੇ ਇਸਨੂੰ ਕਾਇਮ ਰੱਖਣ ਦੀ ਸਮਰੱਥਾ ਮੌਜੂਦ ਹੈ। ਬੀਤੇ ਸਮੇਂ ਦਾ ਤਜਰਬਾ ਦਸਦਾ ਹੈ ਕਿ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਦਾ ਪੈਂਤੜਾ ਇਨਕਲਾਬੀ ਲਹਿਰ ਦੀ ਤਬਾਹੀ ਕਰਾਉਣ ਵਾਲਾ ਮਾਅਰਕੇਬਾਜ਼ ਪੈਂਤੜਾ ਸਾਬਤ ਨਹੀਂ ਹੋਇਆ, ਸਗੋਂ ਇਸਦੀ ਰਾਖੀ ਦਾ ਸਾਧਨ ਬਣਿਆ ਹੈ। ਭਾਵੇਂ ਸਭਨਾਂ ਸੰਘਰਸ਼ਾਂ ਵਾਂਗ, ਇਸ ਸੰਘਰਸ਼ ਦੌਰਾਨ ਵੀ ਕੁਰਬਾਨੀਆਂ ਹੋਈਆਂ ਹਨ ਪਰ ਸੰਘਰਸ਼ ਕਰਨ ਦਾ ਪੈਂਤੜਾ ਨਾ ਲੈਕੇ ਵੀ ਇਹਨਾਂ ਕੁਰਬਾਨੀਆਂ ਤੋਂ ਬਚਾ ਨਹੀਂ ਸੀ ਕੀਤਾ ਜਾ ਸਕਦਾ ਨਾ ਸਿਰਫ ਇਨਕਲਾਬੀ ਸ਼ਕਤੀਆਂ, ਸਗੋਂ ਪੰਜਾਬ ਦੇ ਹੋਰ ਲੋਕ ਵੀ ਵੱਖ ਵੱਖ ਰੂਪਾਂ 'ਚ, ਖਾਲਸਤਾਨੀ ਦਹਿਸ਼ਤਗਰਦੀ ਵਿਰੁੱਧ ਸੰਘਰਸ਼ ਕਰਦੇ ਆ ਰਹੇ ਹਨ। ਬਿਜਲੀ ਕਾਮੇ, ਅਧਿਆਪਕ, ਮਜ਼ਦੂਰ, ਬੈਂਕ ਕਰਮਚਾਰੀ ਗੱਲ ਕੀ ਕਿੰਨੇ ਹੀ ਤੱਬਕੇ ਉਨ੍ਹਾਂ ਦੀਆਂ ਕਾਤਲੀ ਕਾਰਵਾਈਆਂ ਖਿਲਾਫ ਸੜਕਾਂ ਤੇ ਨਿੱਤਰਦੇ ਰਹੇ ਹਨ। ਇਥੋਂ ਤੱਕ ਕਿ ਲੋਕਾਂ ਵਲੋਂ, ਆਪ ਮੁਹਾਰੇ ਇਹਨਾਂ ਦੇ ਟਾਕਰੇ ਦੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਇਸ ਸਾਰੇ ਕੁੱਝ ਦੇ ਪਰਸੰਗ 'ਚ ਇਹ ਸੁਆਲ ਤਾਂ ਉੱਠ ਸਕਦਾ ਹੈ ਕਿ ਸੰਘਰਸ਼ ਕਿਸ ਸ਼ਕਲ 'ਚ ਸੰਭਵ ਹੈ ਪਰ ਇਹ ਕਿਤੇ ਵੀ ਯਥਾਰਥਕ ਸੋਚ ਨਹੀਂ ਹੈ ਕਿ ਸੰਘਰਸ਼ ਦਾ ਪੈਂਤੜਾ ਲੈਣ ਦੀ ਹਾਲਤ ਨਹੀਂ।

ਅੱਜ ਇਨਕਲਾਬੀ ਲਹਿਰ ਅਤੇ ਇਸਦੇ ਆਗੂ ਜਿਥੇ ਵੀ ਅਤੇ ਜਿਸ ਹੱਦ ਤੱਕ ਆਪਣੇ ਇਨਕਲਾਬੀ ਤੱਤ ਸਮੇਤ ਸੁਰੱਖਿਅਤ ਹਨ, ਖਾਲਸਤਾਨੀ ਦਹਿਸ਼ਤਗਰਦੀ ਤੇ ਹਕੂਮਤੀ ਦਹਿਸ਼ਤਗਰਦੀ ਵਿਰੋਧੀ ਸੰਘਰਸ਼ ਦੇ ਪੈਂਤੜੇ ਸਦਕਾ ਹੀ ਹਨ। ਇਸ ਸੰਘਰਸ਼ ਦੀ ਮਹੱਤਤਾ ਉਹ ਇਨਕਲਾਬੀ ਕਰਿੰਦੇ ਸਭ ਤੋਂ ਵੱਧ ਜਾਣਦੇ ਹਨ ਜਿਹੜੇ ਇਸ ਸੰਘਰਸ਼ ਦੀ ਬਦੌਲਤ ਹੀ ਆਪਣੀ ਇਨਕਲਾਬੀ ਜਨਤਕ ਸਰਗਰਮੀ ਦੇ ਖੇਤਰਾਂ ਨੂੰ ਖਾਲਸਤਾਨੀ ਦਹਿਸ਼ਤਗਰਦਾਂ ਦੇ ਘੁਰਨਿਆਂ 'ਚ ਵਟ ਜਾਣ ਤੋਂ ਸਫਲਤਾ ਨਾਲ ਰੋਕ ਸਕੇ ਹਨ ਅਤੇ ਇਨਕਲਾਬੀ ਜਨਤਕ ਸਰਗਰਮੀ ਨੂੰ ਮਹਿਫੂਜ਼ ਰੱਖ ਸਕੇ ਹਨ।

(ਬਾਕੀ ਅਗਲੀ ਕਿਸ਼ਤ 'ਚ)

o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਸਾਲਾਨਾ ਚੰਦਾ—15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:
ਸਮਤਾ ਦਾ ਟੈਲੀਫੂਨ ਨੰਬਰ 64786

## ਇਕ ਚਿੱਠੀ

ਸਾਥੀ ਗੁਰਸ਼ਰਨ ਸਿੰਘ,

ਲਾਲ ਸਲਾਮ !

ਤੁਸੀਂ ਆਪ ਦੇ ਪੇਪਰ 'ਚ ਪੰਜਾਬ ਮਸਲੇ ਦੇ ਤਹਿ ਤਕ ਜਾਣ ਲਈ ਵਖ ਵਖ ਧਿਰਾਂ ਦੇ ਲੇਖ ਅਤੇ ਵਖ ਵਖ ਵਿਚਾਰਾਂ ਵਾਲੇ ਸਾਥੀਆਂ ਦੀਆ ਚਿੱਠੀਆਂ ਲਾ ਕੇ ਜੋ ਬਹਿਸ ਦਾ ਸੰਜੀਦਾ ਅਮਲ ਤੋਰਿਆ ਹੈ, ਇਕ ਵਧੀਆ ਪੱਖ ਹੈ। ਪਰ ਪੰਜਾਬ ਦੀ ਮੌਜੂਦਾ ਅਵਸਥਾ ਵਿਚ ਅਜਿਹੀ ਬਹਿਸ ਦੇ ਨਾਲ 2 ਠੀਕ ਪੁਜ਼ੀਸ਼ਨਾਂ ਤੇ ਖੜ ਕੇ ਸਰਗਰਮੀ ਕਰਨੀ ਕਿਤੇ ਵਧ ਜ਼ਰੂਰੀ ਹੈ। ਅਜ ਜਦੋਂ ਖਰੀਆ ਇਨਕਲਾਬੀ ਤਾਕਤਾਂ ਸਟੇਟ ਦੇ ਖਿਲਾਫ਼ ਮੁਖ ਲੜਾਈ ਦਿੰਦਿਆਂ ਤੀਸਰੀ ਧਿਰ ਉਭਾਰਨ ਲਈ ਉਤਸ਼ਕ ਹਨ, ਤਾਂ ਇਹਨਾਂ ਹਾਲਤਾਂ 'ਚ ਤੁਸੀਂ ਇਨ-ਕਲਾਬੀ ਤਾਕਤਾਂ ਦਾ ਸਾਂਝਾ ਥੜਾ ਉਸਾਰਨ ਲਈ ਅਗੇ ਆਓ। ਸਵਾਲ ਆ ਸਕਦਾ ਹੈ ਕਿ ਅਜਿਹੇ ਥੜੇ ਤਾਂ ਪਹਿਲਾਂ ਵੀ ਉਸਰੇ ਹਨ, ਫਿਰ ਦੁਬਾਰਾ ਜਰੂਰਤ ਕਿਓਂ ? ਮੇਰਾ ਵਿਚਾਰ ਹੈ ਕਿ ਅਜਿਹੇ ਖੜੇ ਦੀ ਜ਼ਰੂਰਤ ਇਸ ਕਰਕੇ ਹੈ ਕਿਓਂਕਿ ਪਹਿਲੇ ਥੜੇ 'ਇਨਕਲਾਬੀ ਕੇਂਦਰ 'ਤੇ ਜਬਰ ਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ' ਕੇਂਦਰ ਦੇ ਖਿਲਾਫ ਮੁਖ ਲੜਾਈ ਦੇਣ ਨਾਲ ਸਹਿਮਤ ਨਹੀਂ, ਸਗੋਂ 'ਫਰੰਟ' ਦੀਆਂ ਜ਼ਿਆਦਾ ਸਰਗਰਮੀਆ ਤਾਂ ਸਿਖ ਕੱਟੜ ਪੰਥੀਆਂ ਨੂੰ ਦੁਸ਼ਮਣ ਮੰਨਣ ਦਾ ਸੰਕੇਤ ਦਿੰਦੀਆਂ ਹਨ। ਇਵੇਂ ਹੀ 'ਇਨਕਲਾਬੀ ਕੇਂਦਰ' ਪੰਜਾਬ ਦੀਆਂ ਕੁਝ ਮੰਗਾਂ ਲਈ ਲੜਣ ਦਾ ਕਾਰਜ ਤਾਂ ਮਿਥਦਾ ਹੈ ਪਰ ਪੰਜਾਬ ਦੀ ਨਹਾਇਤ ਹੱਕੀ ਮੰਗ ਮੁਕੰਮਲ ਖੁਦ ਮੁਖਤਿਆਰੀ ਲਈ ਲੜਾਈ ਛੇੜਣ ਲਈ ਸਹਿਮਤ ਨਹੀਂ। ਮੇਰੇ ਵਿਚਾਰ ਮੁਤਾਬਕ ਅਜ ਇਨਕਲਾਬੀ ਧਿਰਾਂ ਪੰਜਾਬ ਦੀ ਮੁਕੰਮਲ ਖੁਦ ਮੁਖਤਿਆਰੀ ਲਈ ਲੜਾਈ ਲੜਦਿਆਂ ਇਕ ਤਾਂ ਆਪਣੀ ਸਾਖ ਵਧਾ ਸਕਣਗੀਆਂ, ਦੂਸਰਾ ਪੰਜਾਬ ਮਸਲੇ ਦਾ ਪੱਕਾ ਹੱਲ ਵੀ ਇਹ ਹੀ ਹੈ, ਤੀਸਰਾ ਇਸ ਨਾਲ ਖਾਲਿਸਤਾਨੀ ਕਟੜ ਪੰਥੀਆਂ ਦੇ ਅਧਾਰ ਨੂੰ ਵੀ ਖੋਰਨ 'ਚ ਕਾਮਯਾਬ ਹੋ ਸਕਣਗੀਆ। ਪਰ ਪੰਜਾਬ ਨੂੰ ਪੂਰਨ ਖੁਦ ਮੁਖਤਿਆਰੀ ਦਿਵਾਉਣ ਲਈ ਲੜਾਈ ਦੇ ਨਾਲ ਨਾਲ ਖਾਲਿਸਤਾਨੀ ਕਟੜ ਪੰਥੀਆਂ ਦੀਆਂ ਗਲਤ ਕਾਰਵਾਈਆਂ ਖਿਲਾਫ਼ ਲੋਕ ਰਾਇ ਲਾਮਬੰਦ ਕਰਦਿਆਂ ਆਮ ਸਿਖ ਜਨਤਾ ਚੋਂ ਉਹਨਾ ਨੂੰ ਨਿਖੇੜਣ ਦਾ ਅਮਲ ਜਾਰੀ ਰਹਿਣਾ ਚਾਹੀਦਾ ਹੈ। ਸੋ ਅਜਿਹੀ ਸੋਚ ਅਧੀਨ ਸਾਂਝਾ ਥੜਾ ਉਸਾਰਨ ਲਈ ਤੁਹਾਨੂੰ ਉਹਨਾਂ ਸਾਰੀਆਂ ਇਨਕਲਾਬੀ ਧਿਰਾਂ ਨੂੰ ਸੱਦਾ ਦੇਣਾ ਚਾਹੀਦਾ ਹੈ ਜੋ ਪੰਜਾਬ ਮਸਲੇ ਦਾ ਮੁਖ ਜ਼ਿਮੇਂਵਾਰ ਕੇਂਦਰ ਸਰਕਾਰ ਨੂੰ ਮਿਥਦੀਆਂ ਹਨ। ਅਜਿਹੇ ਥੜੇ 'ਚ ਮੇਰੇ ਖਿਆਲ ਅਨੁਸਾਰ 'ਪੈਗਾਮ ਗਰੁਪ' ਨੂੰ ਵੀ ਆਉਣ 'ਚ ਕੋਈ ਝਿਜਕ ਨਹੀਂ ਹੋਵੇਗੀ। ਜਿਥੋਂ ਤੱਕ 'ਪੈਗਾਮ ਗਰੁਪ' ਦੀ ਲੀਡਰਸ਼ਿਪ ਸਿਖ ਕੱਟੜ ਪੰਥੀਆਂ ਨੂੰ ਠੀਕ ਰਾਹ ਤੇ ਲਿਆਉਣ ਲਈ ਜ਼ਿਆਦਾ ਸਮਾਂ ਦੇ ਰਹੀ ਹੈ, ਮੈਂ ਸਮਝਦਾ ਹਾਂ ਕਿ ਉਹ ਭੁਲੇਖੇ ਦਾ ਸ਼ਿਕਾਰ ਹੈ ਕਿਓਂ ਕਿ ਖਾਲਿਸਤਾਨੀ ਗਲਤ ਗੱਲਾਂ ਸਿਰਫ ਸੁਝਾਅ ਜਾਂ ਰਾਇ ਦੇਣ ਨਾਲ ਹੀ ਨਹੀਂ ਛਡਣ ਲਗੇ, ਉਹ ਸਿਰਫ ਤਾਂ ਹੀ ਅਜਿਹਾ ਕਰਨ ਲਈ ਸੋਚਣਗੇ, ਜੇਕਰ ਇਨਕਲਾਬੀ ਧਿਰਾਂ ਆਪਣੀ ਸਾਖ ਵਧਾਉਂਦਿਆਂ ਉਹਨਾਂ ਦੇ ਆਧਾਰ ਨੂੰ ਖੋਰਾ ਲਾਉਣ ਵੱਲ ਵਧਣਗੀਆਂ। ਇਕ ਗੱਲ ਹੋਰ ਅਜ ਕਲ ਆਮ ਜਨਤਾ ਦੀ ਮਾਨਸਿਕਤਾ 'ਖਾੜਕੂ ਐਕਸ਼ਨਾਂ' ਨਾਲ ਜੁੜੀ ਹੋਈ ਹੈ, ਸੋ ਇਨਕਲਾਬੀ ਧਿਰਾਂ ਨੂੰ ਅਜ ਖਾਲਿਸਤਾਨੀਆਂ ਦੇ ਪੈਰਲਲ ਅਜਿਹੇ ਐਕਸ਼ਨ ਕਰਨ ਲਈ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ, ਖਾਲਿਸ-ਤਾਨੀਆਂ ਦੀਆਂ ਗਲਤ ਕਾਰਵਾਈਆਂ ਦੇ ਮੁਕਾਬਲੇ ਕੀਤੇ ਦਰੁਸਤ ਐਕਸ਼ਨ ਵੀ ਆਮ ਲੋਕਾਂ ਨੂੰ ਇਨਕਲਾਬੀ ਲਹਿਰ ਦੇ ਨੇੜੇ ਲੈ ਕੇ ਆਉਣਗੇ। ਇਸ ਸੰਬੰਧੀ ਜੇਕਰ ਕੋਈ ਇਹ ਦਲੀਲ ਲਿਆਵੇ ਕਿ ਵਿਅਕਤੀਗਤ ਕਤਲਾਂ ਦਾ ਰਾਹ ਗਲਤ ਸਾਬਤ ਹੋ ਚੁਕਾ ਹੈ ਇਸ ਲਈ ਨਹੀਂ ਅਪਨਾਉਣਾ ਚਾਹੀਦਾ, ਤਾਂ ਉਸ ਨੂੰ ਸਪਸ਼ਟ ਕਰਨਾ ਪਵੇਗਾ ਕਿ ਉਹ 'ਰੈਡ ਗਾਰਡ' ਤੇ 'ਸ਼ਹੀਦ ਭਗਤ ਸਿੰਘ 'ਬਰਗੇਡ' ਦੇ ਐਕਸ਼ਨਾਂ ਨੂੰ ਕੀ ਸਮਝਦਾ ਹੈ ?

ਭਰਪੂਰ ਆਸ ਨਾਲ ਇਨਕਲਾਬੀ ਲਹਿਰ ਦਾ ਹਮਦਰਦ

ਗੁਰਨਾਮ ਸਿੰਘ ਜ਼ਿਲ੍ਹਾ ਪਟਿਆਲਾ

---

## ਇਕ ਚਿੱਠੀ

ਭਾਅ-ਜੀ 'ਸਪਧਾ' ਵਿਚ ਜੋ ਜਸਪਾਲ ਜੱਸੀ ਦੀ ਲਿਖਤ ਤੇ ਬਹਿਸ ਚੱਲ ਰਹੀ ਹੈ ਇਹ ਬਹਿਸ ਕਾਫੀ ਗਰਮਾ ਗਰਮੀ ਦੇ ਦੌਰ ਵਿਚ ਪਹੁੰਚ ਗਈ ਹੈ ਖਾਸ ਕਰਕੇ 'ਹਲਕੇ ਕੁੱਤੇ ਦੇ ਵਿਸ਼ੇ ਵਾਰੇ-ਜਾਨਿ ਕਿ ਲੋਕ ਖਾਲਸਤਾਨੀਆਂ ਵੱਲ ਕਿਸ ਪੈਂਤੜੇ ਤੋਂ ਲੜਾਈ ਲੜਨ, ਜੱਸੀ ਦਾ ਇਹ ਕਹਿਣਾ ਵਧੇਰੇ ਠੀਕ ਜਾਪਦਾ ਹੈ, ਕਿ ਹਲਕੇ ਕੁੱਤੇ ਨੂੰ ਇਸੇ ਕਰਕੇ ਲੋਕਾਂ ਦੇ ਬੇਲਗਾਮ ਬੁਰਕ ਭਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਇਹ ਵਿਚਾਰਾ ਤਾਂ ਕਿਸੇ ਹੋਰ ਹਲਕੇ ਕੁੱਤੇ ਦਾ ਕੱਟਿਆ ਹੋਣ ਕਰਕੇ ਹਲਕ ਗਿਆ ਹੈ। ਤੁਸਾਂ ਜੂਨ ਅੰਕ ਵਿਚ ਇਸ ਦੇ ਜਵਾਬ ਵਿਚ ਲਿਖਿਆ, ਕਿ ਸਾਡਾ ਇਹ ਦੇਖਣਾ ਬਣਦਾ ਹੈ ਕਿ ਇਹ ਕੁੱਤਾ ਹਲਕਾਇਆ ਕਿਸਨੇ ਹੈ ? ਫੇਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਹਲਕੇ

Regd. With the Register News Papers Vide No. MA/12397-D Dated 18.4.80
Post Office No. P/AR—133

ਕੁੱਤੇ ਨੂੰ ਖਤਮ ਕਰਨਾ ਕਮੇਟੀ ਵਾਲਿਆ ਦਾ ਫਰਜ਼ ਹੈ, ਪਰ ਕਮੇਟੀ ਵਾਲੇ ਆਪਣੇ ਇਸ 'ਪਾਲਤੂ ਹੋਏ ਕੁੱਤਿਆਂ ਨੂੰ ਭਲਾ ਕਿਉਂ ਮਾਰਨ ਲੱਗੇ ਨੇ? ਇਹ ਨੁਕਸਾਨ ਤਾਂ ਲੋਕਾਂ ਦਾ ਹੀ ਕਰਦੇ ਨੇ ਕਮੇਟੀ ਵਾਲਿਆ ਨੂੰ ਇਹਨਾਂ ਦਾ ਕੀ ਧੜਕੂ? ਬਾਕੀ ਗੱਲ ਰਹੀ ਭਿੰਡਰਾਂਵਾਲੇ ਦੀ ਲੋਕਾਂ ਵਿੱਚ ਸ਼ਰਧਾ ਦੀ ਜਿਸ ਦਾ ਜ਼ਿਕਰ ਤੁਸੀਂ ਕੀਤਾ ਸੀ ਸ਼ਰਧਾਂ ਰੱਖਣ ਵਾਲੇ ਲੋਕ ਵੀ ਇਹਨਾਂ ਦਾ ਕਿੱਦਾਂ ਬੇ-ਰਹਿਮੀ ਨਾਲ ਨਿਸ਼ਾਨਾ ਬਣੇ ਇਹ ਸਭ ਜਾਣਦੇ ਨੇ। ਜੱਸੀ ਦੀ ਚਿੱਠੀ ਦੇ ਕਈ ਮਹੱਤਵ ਪੂਰਨ ਨੁਕਤਿਆਂ ਨੂੰ ਤੁਸੀਂ ਬਹਿਸ ਦਾ ਆਧਾਰ ਨਹੀਂ ਬਣਾਇਆ ਉਹਨਾਂ ਨੁਕਤਿਆਂ ਨੂੰ ਚਿੱਠੀ ਦੇ ਜਵਾਬ ਵਿਚ ਆਪਣਾ ਪੱਖ ਪੇਸ਼ ਕਰਨ ਲੱਗਿਆਂ ਨਜ਼ਰ ਅੰਦਾਜ਼ ਕਰ ਦਿੱਤਾ ਹੈ। ਪਰ ਓਦਾਂ ਤੁਸੀਂ ਇਹ ਖੁੱਲਕੇ ਕਹਿ ਹੀ ਦਿੱਤਾ ਹੈ ਕਿ ਸਾਨੂੰ ਰਾਜੀਵ ਵਿਰੋਧੀ ਪਾਰਟੀਆਂ ਨਾਲ ਰਲਕੇ ਸੰਰਗਰਮੀਆਂ ਕਰਨੀਆਂ ਚਾਹੀਦੀਆਂ ਹਨ ਇਹ ਇਨ-ਕਲਾਬੀ ਜਮਹੂਰੀ ਲਹਿਰ ਲਈ ਲਾਹੇਵੰਦ ਹੋਵੇਗਾ। ਤੇ ਨਾਲ ਨਾਲ ਆਪਣੀ ਸਿਆਸਤ ਦਾ ਪਰਚਾਰ ਵੀ ਕਰਦੇ ਜਾਂਣ? 'ਪਰ ਭਾਅ ਜੀ ਸਾਡੀ ਸਮਝ ਮੁਤਾਬਕ ਇਹ ਇਨਕਲਾਬੀ ਸ਼ਕਤੀਆਂ ਲਈ ਘਾਤਕ ਸਿੱਧ ਹੋਵੇਗਾ ਵਿਰੋਧੀ ਹਾਕਮ ਜਮਾਤ ਪਾਰਟੀਆ ਦਾ ਖਾਸਾ ਵੀ ਕਾਬਜ਼ ਹਾਕਮ ਜਮਾਤਾਂ ਵਾਲਾ ਹੀ ਹੈ। ਜਿਨ੍ਹਾਂ ਪਾਰਟੀਆਂ ਨਾਲ ਅਸੀਂ ਰਲਕੇ ਸੀਮਤ ਸਰਗਰਮੀਆਂ ਕਰਨ ਜਾ ਰਹੇ ਹਾਂ, ਜਦੋਂ ਸਾਡੀ ਇਨਕਲਾਬੀ ਸਿਆਸਤ ਦਾ ਪਰਚਾਰ ਉਨਾਂ ਦੇ ਮੇਚ ਦਾ ਨਾ ਰਿਹਾ ਤਾਂ ਉਹੀ ਵਿਰੋਧੀ ਪਾਰਟੀਆਂ (ਜਦੋਂ ਰਾਜਸੱਤਾ ਤੇ ਕਾਬਜ਼ ਹੋਣਗੀਆਂ) ਸਾਡੇ ਨਾਲ ਕਿਹੋ ਜਿਹਾ ਸਲੂਕ ਕਰਨਗੀਆਂ ਇਹ ਸਭ ਇਨਕਲਾਬੀ ਸ਼ਕਤੀਆਂ ਚੰਗੀ ਤਰ੍ਹਾਂ ਜਾਣਦੀਆਂ ਹਨ। ਨਾਲ ਨਾਲ ਸਾਡੀ ਸਿਆਸਤ ਨੂੰ ਲੋਕਾਂ ਵਿਚ ਖੋਰਾ ਲੱਗਣ ਦਾ ਵੀ ਖ਼ਦਸ਼ਾ ਬਣਿਆ ਰਹੇਗਾ। ਤੁਸੀਂ ਕੋਈ ਵੀ ਕਦਮ ਚੁੱਕੋ ਜਾਂ ਰਾਇ ਪੇਸ਼ ਕਰੋ ਪਰ ਸਿੱਟੇ ਲਾਹੇਵੰਦ ਨਿਕਲਣ ਚਾਹੀਦੇ ਹਨ। ਇਸ ਗੱਲ ਦਾ ਖਾਸ ਖਿਆਲ ਰੱਖਣਾ ਬਣਦਾ ਹੈ। ਬਾਕੀ ਸਾਥੀ ਆਪਣੀਆਂ ਚਿਠੀਆਂ ਵਿਚ ਜ਼ਿਆਦਾ ਨੁਕਤਾਚੀਨੀ ਹੀ ਕਰਦੇ ਰਹਿੰਦੇ ਹਨ। ਇਥੋਂ ਤੱਕ ਕਿ ਵਿਰੋਧੀ ਵਿਚਾਰਾਂ ਵਾਲਿਆ ਨੂੰ ਟੁੱਟਕੇ ਪੈ ਜਾਂਦੇ ਹਨ। ਦੁੱਖ ਦੀ ਗੱਲ ਹੈ ਕਿ ਸੁਰਖ-ਰੇਖਾ ਤੇ ਇਨਕਲਾਬੀ ਜਨਤਕ ਲੀਹ ਜਾਂ 'ਰੈਡ ਗਾਰਡਾਂ ਨੂੰ ਸਰਕਾਰੀ ਸੇਵਾਦਾਰ ਕਹਿਕੇ ਭੰਡਦੇ ਹਨ, ਜਦ ਕਿ ਇਹ ਗੱਲ ਚਿਟੇ ਦਿਨ ਨੂੰ ਰਾਤ ਕਹਿਣ ਦੇ ਬਰਾਬਰ ਹੈ। ਇਹ ਕਹਿਣ ਵਾਲੇ ਸਾਥੀ ਵੀ ਸੁਰਖ ਰੇਖਾ ਦੇ ਰੋਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਜਾਂ ਇਹ ਬਾਕਾਇਦਾ ਪੇਪਰ ਪੜਦੇ ਨਹੀਂ ਹੋਣਗੇ, ਹੋਰ ਤਾਂ ਹੋਰ 'ਰੈੱਡ ਗਾਰਡ' ਉਸ ਜਥਬੰਦੀ ਦੇ ਤਿਆਰ ਕੀਤੇ ਗੁਰੀਲੇ ਹਨ। ਜਿਹਨਾਂ 'ਪਿਛੋਂ' ਨਕਸਲਬਾੜੀ ਲਹਿਰ ਦੌਰਾਨ, ਅਥਾਹ ਕੁਰਬਾਨੀਆਂ ਦਿਤੀਆਂ। ਅਜਿਹੀ ਚੂਜਣਬਾਜ਼ੀ ਨਕਸਲੀ ਯੋਧਿਆਂ ਦੇ ਸੁਨਹਿਰੀ ਇਤਿਹਾਸ ਤੇ ਕਾਲਖ ਫੇਰਨ ਬਰਾਬਰ ਹੈ। ਅੰਤ ਵਿਚ ਮੈਂ ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਠੀਕ ਰਾਹ ਅਪਨਾਉਣ। ਖਾਲਸ-ਤਾਨੀਆ ਤੇ ਸਟੇਟ ਦੇ ਖਿਲਾਫ ਬਰਾਬਰ ਸੰਘਰਸ਼ ਵਿਚ ਜੁਟ ਜਾਣ ਅਮਲ ਵਿਚ ਵੀ ਇਹੀ ਹੋ ਰਿਹਾ ਹੈ। ਬਾਕੀ ਸਮਾਂ ਦੱਸੇਗਾ ਕੌਣ ਗਲਤ ਹੈ ਕੌਣ ਠੀਕ ਹੈ। ਬਾਕੀ ਭਾਅ-ਜੀ ਲੋਕ ਤੁਹਾਡੀ ਮਹਾਨ ਦੇਣ ਨੂੰ ਕਦੇ ਨਹੀਂ ਭੁਲਣਗੇ।

ਰੰਧੀਰ ਸਿੰਘ

## ਇਨਕਲਾਬੀ ਸਭਿਆਚਾਰਕ ਪ੍ਰੋਗਰਾਮ

9 ਜੁਲਾਈ ਰਾਤ 8 ਵਜੇ ਤੋਂ ਲੈ ਕੇ 10 ਜੁਲਾਈ ਸਵੇਰੇ 5 ਵਜੇ ਤਕ ਪੰਜਾਬੀ ਭਵਨ, ਲੁਧਿਆਣਾ ਵਿਖੇ ਸਾਥੀ ਜੈਮਲ ਸਿੰਘ ਪੱਡਾ ਅਤੇ ਇਨਕਲਾਬੀ ਕਵੀ ਪਾਸ਼ ਦੀ ਯਾਦ ਵਿਚ ਇਕ ਇਨਕਲਾਬੀ ਸ਼ਰਧਾਂਜਲੀ ਸਭਿਆਚਾਰਕ ਸਮਾਗਮ ਪੰਜਾਬ ਦੀ ਇਨਕਲਾਬੀ ਧਿਰ ਵਲੋਂ ਸਾਂਝੇ ਤੌਰ ਤੇ ਕੀਤਾ ਜਾ ਰਿਹਾ ਹੈ। ਇਸ ਵਿਚ ਇਨਕਲਾਬੀ ਆਗੂ ਵਿਛੜ ਗਏ ਸਾਥੀਆਂ ਨੂੰ ਸ਼ਰਧਾਂਜਲੀਆਂ ਪੇਸ਼ ਕਰਨਗੇ। o ਇਕ ਇਨਕਲਾਬੀ ਕਵੀ ਦਰਬਾਰ ਹੋਵੇਗਾ। o ਪਾਸ਼ ਦੀ ਸਮੁੱਚੀ ਕਵਿਤਾ ਤੇ ਇਕ ਡੇਢ ਘੰਟੇ ਦਾ ਫੀਚਰ 'ਅਸੀਂ ਲੜਾਂਗੇ ਸਾਥੀ' ਪੇਸ਼ ਕੀਤਾ ਜਾਏਗਾ। o ਸਾਥੀ ਜੈਮਲ ਸਿੰਘ ਪੱਡਾ ਦੇ ਜੀਵਨ ਤੇ ਆਧਾਰਤ 'ਪੈਰ ਸੂਲਾਂ ਤੇ ਵੀ ਨੱਚਦੇ ਰਹਿਣਗੇ' ਇਕ ਵੱਡਾ ਨਾਟਕ ਪੇਸ਼ ਕੀਤਾ ਜਾਏਗਾ।

o ਵਿਦਰੋਹ ਦੀ ਅਵਾਜ਼ ਨੂੰ ਉੱਚਾ ਕਰਦਾ ਇਕ ਨਾਟਕ 'ਨਵਾਂ ਜਨਮ' ਪੇਸ਼ ਹੋਵੇਗਾ। o ਪਾਸ਼ ਅਤੇ ਪੱਡਾ ਦੇ ਗੀਤਾਂ ਨੂੰ ਨਾਟਕੀ ਸੰਗੀਤ ਵਿਚ ਪੇਸ਼ ਕੀਤਾ ਜਾਏਗਾ। o ਇਹ ਸਮਾਗਮ ਪੰਜਾਬ ਦੀ ਇਨਕਲਾਬੀ ਧਿਰ ਦਾ ਇਕ ਮਖ਼ਸੂਸ ਸਾਂਝਾ ਸਮਾਗਮ ਹੋਵੇਗਾ। o ਸਾਰਿਆਂ ਨੂੰ, ਵਿਸ਼ੇਸ਼ ਕਰਕੇ ਇਨਕਲਾਬੀ ਧਿਰ ਨਾਲ ਜੁੜੇ ਹੋਏ ਲੋਕਾਂ ਨੂੰ ਸੱਦਾ ਹੈ ਕਿ ਉਹ ਵੱਡੀ ਗਿਣਤੀ ਵਿਚ ਲਾਲ ਝੰਡੇ ਅਤੇ ਬੈਨਰ ਲੈ ਕੇ ਇਸ ਸਮਾਗਮ ਤੇ ਟਰੱਕਾਂ ਅਤੇ ਟਰਾਲੀਆਂ ਵਿਚ ਪੁੱਜਣ ਤਾਂ ਜੋ ਇਨਕਲਾਬੀ ਸ਼ਕਤੀ ਦਾ ਪੁਰਜ਼ੋਰ ਵਿਖਾਵਾ ਹੋ ਸਕੇ।

ਗੁਰਸ਼ਰਨ ਸਿੰਘ, ਪ੍ਰਬੰਧਕ ਪੱਡਾ ਅਤੇ ਪਾਸ਼ ਸ਼ਰਧਾਂਜਲੀ ਸਮਾਗਮ।